ਸ਼ਨੀਵਾਰ, 27 ਜੁਲਾਈ, 2024
12 ਸਾਉਣ { ਨਾਨਕਸ਼ਾਹੀ 556 / ਬਿਕਰਮੀ 2081 }
ਜਿਲਦ/VOL. : 73
ਅੰਕ/NO. : 56

# ਨਵਾਂ ਜ਼ਮਾਨਾ

DAILY NAWAN ZAMANA • SATURDAY, 27 JULY, 2024
ਜਲੰਧਰ
nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

# 5437 ਕਰੋੜ ਰੁਪਏ ਦੇ ਜਾਅਲੀ ਬਿੱਲ ਬਣਾਏ

## ਅੰਮ੍ਰਿਤਸਰ ਤੇ ਲੁਧਿਆਣਾ ਦੀਆਂ ਫਰਮਾਂ ਆਈਆਂ ਅੜਿੱਕੇ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਸ਼ੁੱਕਰਵਾਰ ਇਥੇ ਦੱਸਿਆ ਕਿ ਸੂਬੇ ਦੇ ਕਰ ਵਿਭਾਗ ਦੇ ਇਨਫੋਰਸਮੈਂਟ ਵਿੰਗ ਵੱਲੋਂ ਕੀਤੀ ਗਈ ਜਾਂਚ ਵਿੱਚ ਹਜ਼ਾਰਾਂ ਕਰੋੜ ਰੁਪਏ ਦੇ ਫਰਜ਼ੀ ਬਿਲਿੰਗ ਘੁਟਾਲੇ ਦਾ ਪਰਦਾਫਾਸ਼ ਹੋਇਆ ਹੈ। ਉਨ੍ਹਾ ਕਿਹਾ ਕਿ ਸੋਨੇ ਦਾ ਕਾਰੋਬਾਰ ਕਰਨ ਵਾਲੀਆਂ ਦੋ ਫਰਮਾਂ ਵੱਲੋਂ 860 ਕਰੋੜ ਰੁਪਏ ਦੇ ਜਾਅਲੀ ਬਿੱਲ ਤਿਆਰ ਕਰਨ, ਜਦਕਿ ਲੋਹੇ ਦਾ ਕਾਰੋਬਾਰ ਕਰਨ ਵਾਲੀਆਂ 303 ਫਰਮਾਂ ਵੱਲੋਂ 4044 ਕਰੋੜ ਰੁਪਏ ਦੇ ਜਾਅਲੀ ਬਿੱਲ ਬਣਾਉਣ ਦਾ ਖੁਲਾਸਾ ਹੋਇਆ ਹੈ। ਇਸ ਤੋਂ ਇਲਾਵਾ, 68 ਫਰਮਾਂ ਨੇ ਆਪਣੀਆਂ ਫਰਮਾਂ ਨੂੰ ਦੂਜਿਆਂ ਦੇ ਨਾਂ 'ਤੇ ਰਜਿਸਟਰ ਕਰਵਾ ਕੇ 533 ਕਰੋੜ ਰੁਪਏ ਦਾ ਫਰਜ਼ੀ ਬਿਲਿੰਗ ਦਾ ਧੰਦਾ ਕੀਤਾ।

ਪ੍ਰੈੱਸ ਕਾਨਫਰੰਸ ਦੌਰਾਨ ਚੀਮਾ ਨੇ ਇਨ੍ਹਾਂ ਮਾਮਲਿਆਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਉਨ੍ਹਾ ਦੱਸਿਆ ਕਿ ਅੰਮ੍ਰਿਤਸਰ ਵਿੱਚ ਸੋਨੇ ਦਾ ਕਾਰੋਬਾਰ ਕਰਨ ਵਾਲੀ ਇੱਕ ਫਰਮ ਦੀ ਜਾਂਚ ਕਰਨ 'ਤੇ ਇਨਫੋਰਸਮੈਂਟ ਵਿੰਗ ਨੇ ਪਾਇਆ ਕਿ ਉਕਤ ਫਰਮ ਵੱਲੋਂ ਸੋਨੇ ਦੀ ਵਿਕਰੀ ਅਤੇ ਖਰੀਦ ਲਈ 336 ਕਰੋੜ ਰੁਪਏ ਦੇ ਜਾਅਲੀ ਬਿੱਲ ਬਣਾਏ ਗਏ ਸਨ। ਉਨ੍ਹਾ ਕਿਹਾ ਕਿ ਜਿਨ੍ਹਾਂ ਦੋ ਫਰਮਾਂ ਤੋਂ ਉਕਤ ਫਰਮ ਨੇ ਸੋਨਾ ਖਰੀਦਿਆ ਸੀ, ਉਨ੍ਹਾਂ ਦੀ ਰਜਿਸਟ੍ਰੇਸ਼ਨ ਰੱਦ ਹੋ ਚੁੱਕੀ ਸੀ ਅਤੇ ਇਨ੍ਹਾਂ ਫਰਮਾਂ ਵੱਲੋਂ ਅੱਗੋਂ ਸੋਨੇ ਦੀ ਕੋਈ ਖਰੀਦ ਨਹੀਂ ਸੀ ਕੀਤੀ ਗਈ।

ਸੋਨੇ ਦੇ ਲੈਣ-ਦੇਣ ਵਿੱਚ ਇਸੇ ਤਰ੍ਹਾਂ ਦੀ ਹੇਰਾਫੇਰੀ ਕਰਨ ਵਾਲੀ ਲੁਧਿਆਣਾ ਸਥਿਤ ਫਰਮ ਦਾ ਜ਼ਿਕਰ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਉਕਤ ਫਰਮ ਵੱਲੋਂ 424 ਕਰੋੜ ਰੁਪਏ ਦੇ ਜਾਅਲੀ ਬਿੱਲਾਂ ਦੇ ਨਾਲ ਸੋਨੇ ਦੀ ਵਿਕਰੀ-ਖਰੀਦ ਕੀਤੀ ਗਈ ਸੀ। ਉਨ੍ਹਾ ਕਿਹਾ ਕਿ ਇਸ ਮਾਮਲੇ ਵਿੱਚ ਵੀ ਉਕਤ ਫਰਮ ਨੇ ਜਿਨ੍ਹਾਂ ਦੋ ਫਰਮਾਂ ਤੋਂ ਸੋਨੇ ਦੀ ਖਰੀਦਦਾਰੀ ਦਿਖਾਈ ਹੈ, ਉਨ੍ਹਾਂ ਦੀ ਰਜਿਸਟ੍ਰੇਸ਼ਨ ਰੱਦ ਹੋ ਚੁੱਕੀ ਹੈ ਅਤੇ ਇਸ ਮਾਮਲੇ ਵਿੱਚ ਵੀ ਇਨ੍ਹਾਂ ਫਰਮਾਂ ਵੱਲੋਂ ਅੱਗੋਂ ਸੋਨੇ ਦੀ ਕੋਈ ਖਰੀਦ ਨਹੀਂ ਸੀ ਕੀਤੀ ਗਈ।

ਇਸ ਤੋਂ ਇਲਾਵਾ 303 ਫਰਮਾਂ ਵੱਲੋਂ 4044 ਕਰੋੜ ਰੁਪਏ ਦੇ ਲੋਹੇ ਦੀ ਜਾਅਲੀ ਵਿਕਰੀ-ਖਰੀਦ ਬਾਰੇ ਜਾਣਕਾਰੀ ਦਿੰਦਿਆਂ ਵਿੱਤ ਮੰਤਰੀ ਨੇ ਦੱਸਿਆ ਕਿ ਇਨ੍ਹਾਂ ਫਰਮਾਂ ਵਿੱਚੋਂ 11 ਫਰਮਾਂ ਪੰਜਾਬ ਨਾਲ, 86 ਫਰਮਾਂ ਹੋਰਨਾਂ ਸੂਬਿਆਂ ਨਾਲ ਅਤੇ 206 ਫਰਮਾਂ ਕੇਂਦਰ ਸਰਕਾਰ ਕੋਲ ਰਜਿਸਟਰਡ ਹਨ। ਉਨ੍ਹਾ ਕਿਹਾ ਕਿ ਕੇਂਦਰ ਅਤੇ ਪੰਜਾਬ ਕੋਲ ਰਜਿਸਟਰਡ 217 ਫਰਮਾਂ ਕੋਲ 89.7 ਕਰੋੜ ਰੁਪਏ ਦਾ ਆਈ ਟੀ ਸੀ ਬਕਾਇਆ ਸੀ, ਜਿਸ ਨੂੰ ਕੇਂਦਰ ਅਤੇ ਸੂਬਾ ਸਰਕਾਰ ਨੇ ਰੋਕ ਦਿੱਤਾ ਹੈ। ਉਨ੍ਹਾ ਕਿਹਾ ਕਿ ਇਸ ਮਾਮਲੇ ਵਿੱਚ ਕੁੱਲ 707 ਕਰੋੜ ਰੁਪਏ ਦੀ ਜਾਅਲੀ ਆਈ ਟੀ ਸੀ ਦਾ ਦਾਅਵਾ ਕੀਤਾ ਗਿਆ। ਉਨ੍ਹਾ ਦੱਸਿਆ ਕਿ ਸੂਬੇ ਦੇ ਕਰ ਵਿਭਾਗ ਨੇ ਸਾਰੀਆਂ 11 ਫਰਮਾਂ ਵਿ ਰੁ ੱ ਧ

● ਬਾਕੀ ਸਫ਼ਾ 2 'ਤੇ

## ਖਤਰਨਾਕ ਲਾਡ



**ਜਲੰਧਰ** : ਬੱਚੀ ਨੂੰ ਗੋਦ ਵਿਚ ਬਿਠਾ ਕੇ ਕਾਰ ਚਲਾਉਣ ਵਾਲੀ ਇਹ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਅਸ਼ਵਿਨ ਰਜਨੀਸ਼ ਨੇ ਇਸ ਨੂੰ ਸ਼ੇਅਰ ਕਰਦਿਆਂ ਲਿਖਿਆ ਹੈ ਕਿ ਉਸ ਨੂੰ ਪਿਤਾ ਦੇ ਆਪਣੀ ਧੀ ਪ੍ਰਤੀ ਪਿਆਰ 'ਤੇ ਇਤਰਾਜ਼ ਨਹੀਂ, ਪਰ ਅਜਿਹਾ ਪਿਆਰ ਪੁਰਖਤਰ ਹੈ। ਪਿਤਾ ਕਾਰ ਚਲਾਉਂਦਿਆਂ ਉਸ ਨਾਲ ਗੱਲਾਂ ਵੀ ਕਰ ਰਿਹਾ ਸੀ। ਇਸ ਤਰ੍ਹਾਂ ਦੀ ਡਰਾਈਵਿੰਗ ਦੌਰਾਨ ਹਾਦਸੇ ਦੀ ਸ਼ਕਲ ਵਿਚ ਮਾਸੂਮ ਦੀ ਖੋਪੜੀ 320 ਕਿੱਲੋਮੀਟਰ ਦੀ ਸਪੀਡ ਨਾਲ ਬੰਦੇ ਦੀ ਹਿੱਕ ਵਿਚ 6-8 ਇੰਚ ਤੱਕ ਖੁੱਭ ਸਕਦੀ ਹੈ ਤੇ ਦੋਨਾਂ ਦੀ ਮੌਕੇ 'ਤੇ ਜਾਨ ਜਾ ਸਕਦੀ ਹੈ। ਇਕ ਹੋਰ ਬੰਦੇ ਨੇ ਵੀਡੀਓ 'ਤੇ ਟਿੱਪਣੀ ਕਰਦਿਆਂ ਲਿਖਿਆ ਹੈ-ਜਦੋਂ ਮੈਂ ਨਾਬਾਲਗ ਸੀ ਤਾਂ ਗੱਡੀ ਚਲਾ ਰਹੇ ਮੇਰੇ ਰਿਸ਼ਤੇਦਾਰ ਦਾ ਬੱਚਾ ਅਗਲੀ ਸੀਟ 'ਤੇ ਮੇਰੀ ਗੋਦੀ ਵਿਚ ਬੈਠਾ ਸੀ। ਕਾਰ ਇਕ ਟੋਏ ਵਿਚ ਵੱਜੀ ਤੇ ਜ਼ੋਰਦਾਰ ਠਾਹ ਹੋਈ। ਮੈਂ ਸੋਚਿਆ ਠਾਹ ਕਾਰ ਦੇ ਥੱਲਿਓਂ ਹੋਈ, ਪਰ ਇਹ ਮੇਰੀ ਭਤੀਜੀ ਦਾ ਸਿਰ ਡੈਸ਼ ਬੋਰਡ ਵਿਚ ਵੱਜਣ ਨਾਲ ਹੋਈ ਸੀ। ਹੋਰ ਬਹੁਤ ਸਾਰੇ ਲੋਕਾਂ ਨੇ ਕਾਰ ਚਲਾਉਂਦਿਆਂ ਬੱਚਿਆਂ ਨਾਲ ਇਸ ਤਰ੍ਹਾਂ ਦਾ ਪਿਆਰ ਨਾ ਜਤਾਉਣ ਦੀ ਸਲਾਹ ਦਿੱਤੀ ਹੈ। ਸੈਂਟਰਲ ਮੋਟਰ ਵਹੀਕਲ ਐਕਟ ਤਹਿਤ 14 ਸਾਲ ਤੋਂ ਹੇਠਲੇ ਬੱਚੇ ਨੂੰ ਸੀਟ ਬੈਲਟ ਲਾ ਕੇ ਬਿਠਾਉਣਾ ਜਾਂ ਬੱਚਾ ਸੀਟ 'ਤੇ ਬਿਠਾਉਣਾ ਲਾਜ਼ਮੀ ਹੈ। ਗੋਦੀ ਵਿਚ ਬਿਠਾ ਕੇ ਕਾਰ ਚਲਾਉਣਾ ਮਨ੍ਹਾਂ ਹੈ।

## ਓਬਾਮਾ ਜੋੜਾ ਕਮਲਾ ਹੈਰਿਸ ਦੀ ਹਮਾਇਤ 'ਤੇ



**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਕਮਲਾ ਹੈਰਿਸ ਦੇ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਬਣਨ ਦੀਆਂ ਸੰਭਾਵਨਾਵਾਂ ਹੋਰ ਰੌਸ਼ਨ ਹੋ ਗਈਆਂ ਜਦੋਂ ਸਾਬਕਾ ਅਮਰੀਕੀ ਰਾਸ਼ਟਰਪਤੀ ਤੇ ਪਾਰਟੀ ਦੇ ਵੱਡੇ ਨੇਤਾ ਬਰਾਕ ਓਬਾਮਾ ਅਤੇ ਉਨ੍ਹਾ ਦੀ ਪਤਨੀ ਮਿਸ਼ੇਲ ਓਬਾਮਾ ਨੇ ਉਨ੍ਹਾ ਦੇ ਨਾਂ ਦਾ ਸਮਰਥਨ ਕਰ ਦਿੱਤਾ। ਓਬਾਮਾ ਵੱਲੋਂ ਖੁੱਲ੍ਹ ਕੇ ਸਮਰਥਨ ਦੇਣ ਤੋਂ ਬਾਅਦ ਹੁਣ ਇਹ ਲਗਭਗ ਤੈਅ ਹੈ ਕਿ ਹੈਰਿਸ ਹੀ ਰਿਪਬਲਿਕਨ ਉਮੀਦਵਾਰ ਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਟੱਕਰ ਦੇਵੇਗੀ। ਕਮਲਾ ਹੈਰਿਸ ਨੇ ਓਬਾਮਾ ਜੋੜੇ ਦਾ ਧੰਨਵਾਦ ਕੀਤਾ ਹੈ। ਮੌਜੂਦਾ ਰਾਸ਼ਟਰਪਤੀ ਜੋਅ ਬਾਇਡਨ ਨੇ ਉਮੀਦਵਾਰੀ ਦੀ ਦੌੜ ਤੋਂ ਪਿੱਛੇ ਹਟਦਿਆਂ ਕਮਲਾ ਹੈਰਿਸ ਦਾ ਨਾਂ ਅੱਗੇ ਰੱਖਿਆ ਸੀ। 5 ਨਵੰਬਰ ਨੂੰ ਰਾਸ਼ਟਰਪਤੀ ਚੋਣ ਹੋਣੀ ਹੈ।

## ਉਲੰਪਿਕ ਮੌਕੇ ਫਰਾਂਸ ਦਾ ਰੇਲਵੇ ਸਿਸਟਮ ਸਾਬੋਤਾਜ

**ਪੈਰਿਸ** : ਉਲੰਪਿਕ ਖੇਡਾਂ ਸ਼ੁਰੂ ਹੋਣ ਤੋਂ ਪਹਿਲਾਂ ਫਰਾਂਸ ਦੇ ਰੇਲਵੇ ਸਿਸਟਮ ਨੂੰ ਸਾਬੋਤਾਜ ਕਰਨ ਦੀ ਕੋਸ਼ਿਸ਼ ਕੀਤੀ ਗਈ। ਹਮਲਾਵਰਾਂ ਨੇ ਡਰਾਈਵਰਾਂ ਨੂੰ ਸੂਚਨਾ ਦੇਣ ਵਾਲੀਆਂ ਫਾਈਬਰ ਆਪਟਿਕ ਕੇਬਲਾਂ ਨੂੰ ਅੱਗ ਲਾ ਦਿੱਤੀ। ਇਨ੍ਹਾਂ ਨੂੰ ਠੀਕ ਕਰਨ ਲਈ ਸੈਂਕੜੇ ਵਰਕਰਾਂ ਦੀ ਲੋੜ ਪੈਣੀ ਹੈ, ਕਿਉਂਕਿ ਇਹ ਕੰਮ ਹੱਥੀਂ ਹੋਣਾ ਹੈ। ਹਮਲੇ ਕਾਰਨ ਪੈਰਿਸ ਨੂੰ ਆਉਣ-ਜਾਣ ਵਾਲੀਆਂ ਗੱਡੀਆਂ ਡੇਢ ਤੋਂ ਦੋ ਘੰਟੇ ਲੇਟ ਚੱਲੀਆਂ। ਪੈਰਿਸ ਤੇ ਲੰਡਨ ਵਿਚਾਲੇ ਚੱਲਣ ਵਾਲੀਆਂ ਗੱਡੀਆਂ ਰੱਦ ਕਰਨੀਆਂ ਪਈਆਂ। ਰੇਲਵੇ ਵਰਕਰਾਂ ਨੇ ਰੂਟੀਨ ਮੇਂਟੀਨੈਂਸ ਦੌਰਾਨ ਲਾਈਨਾਂ ਲਾਗੇ ਸ਼ੱਕੀ ਵਿਅਕਤੀ ਦੇਖੇ। ਲਲਕਾਰਨ 'ਤੇ ਉਹ ਭੱਜ ਗਏ।

ਅਧਿਕਾਰੀਆਂ ਨੇ ਦੱਸਿਆ ਕਿ ਰੇਲ ਪਟੜੀਆਂ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ। ਪਟੜੀਆਂ 'ਤੇ ਅਗਜ਼ਨੀ ਕੀਤੀ ਗਈ ਹੈ। ਇਨ੍ਹਾਂ ਘਟਨਾਵਾਂ ਕਾਰਨ ਰੇਲਵੇ ਲਾਈਨਾਂ ਦੀ ਮੁਰੰਮਤ ਦੇ ਕੰਮ 'ਚ ਇੱਕ ਹਫਤਾ ਲੱਗ ਸਕਦਾ ਹੈ। ਪੈਰਿਸ ਤੋਂ ਫਰਾਂਸ ਦੇ ਪੱਛਮ, ਉੱਤਰ ਤੇ ਪੂਰਬ ਵੱਲ ਦੀਆਂ ਰੇਲ ਲਾਈਨਾਂ ਪ੍ਰਭਾਵਤ ਹੋਈਆਂ ਹਨ। ਰੇਲਵੇ ਕੰਪਨੀ ਐੱਸ ਐੱਨ ਸੀ ਐੱਫ ਦੇ ਮੁੱਖ ਕਾਰਜਕਾਰੀ ਜੀਨ-ਪੀਅਰੇ ਫੇਰਾਂਡੋ ਨੇ ਕਿਹਾ ਕਿ ਇਸ ਘਟਨਾ ਨੇ ਫਰਾਂਸ 'ਚ 8 ਲੱਖ ਯਾਤਰੀਆਂ ਨੂੰ ਪ੍ਰਭਾਵਤ ਕੀਤਾ। ਯਾਤਰੀ ਵੱਖ-ਵੱਖ ਸਟੇਸ਼ਨਾਂ 'ਤੇ ਫਸੇ ਹੋਏ ਹਨ। ਹਾਲਾਂਕਿ, ਫੌਰੀ ਤੌਰ 'ਤੇ ਅਜਿਹਾ ਕੋਈ ਸੰਕੇਤ ਨਹੀਂ ਮਿਲਿਆ ਕਿ ਇਹ ਘਟਨਾਵਾਂ ਉਲੰਪਿਕ ਖੇਡਾਂ ਨਾਲ ਜੁੜੀਆਂ ਹੋਈਆਂ ਸਨ।

ਪੈਰਿਸ ਉਲੰਪਿਕ ਦੇ ਉਦਘਾਟਨੀ ਸਮਾਰੋਹ ਨੂੰ ਲਗਭਗ 6 ਲੱਖ ਦਰਸ਼ਕਾਂ ਦੇ ਦੇਖਣ ਦੀ ਉਮੀਦ ਹੈ। ਉਦਘਾਟਨੀ ਸਮਾਰੋਹ ਲਈ 2,22,000 ਮੁਫਤ ਟਿਕਟਾਂ ਰੱਖੀਆਂ ਗਈਆਂ ਹਨ, ਜਦੋਂ ਕਿ 1,04,000 ਅਦਾਇਗੀ ਟਿਕਟਾਂ ਰੱਖੀਆਂ ਗਈਆਂ ਹਨ।

ਲੰਡਨ ਤੋਂ ਪੈਰਿਸ ਜਾਣ ਵਾਲੀ ਹਾਈ-ਸਪੀਡ ਰੇਲ ਪਟੜੀ ਨੂੰ ਪੁੱਟਣ ਕਾਰਨ ਇਸ ਬਹੁਤ ਹੀ ਰੁਝੇਵਿਆਂ ਭਰੇ ਰੂਟ 'ਤੇ ਆਵਾਜਾਈ ਬੁਰੀ ਤਰ੍ਹਾਂ ਪ੍ਰਭਾਵਤ ਹੋਈ। ਟਰਾਂਸਪੋਰਟ ਮੰਤਰੀ ਪੈਟਰਿਸ ਵੇਰਗਰੀਟ ਅਨੁਸਾਰ ਅਜਿਹੀਆਂ ਘਟਨਾਵਾਂ ਕਾਰਨ ਪੈਰਿਸ ਨੂੰ ਬਾਕੀ ਫਰਾਂਸ ਅਤੇ ਗੁਆਂਢੀ ਦੇਸ਼ਾਂ ਨਾਲ ਜੋੜਨ ਵਾਲੀਆਂ ਕਈ ਹਾਈ-ਸਪੀਡ ਟਰੇਨਾਂ ਪ੍ਰਭਾਵਤ ਹੋਈਆਂ ਹਨ। ਫਰਾਂਸ ਵਿਚ ਕਈ ਥਾਈਂ ਪ੍ਰਦਰਸ਼ਨਕਾਰੀਆਂ ਨੇ ਰੋਸ ਜਤਾਇਆ ਤੇ ਅੱਗਾਂ ਲਾਈਆਂ। ਸਰਕਾਰੀ ਅਧਿਕਾਰੀਆਂ ਨੇ ਅਜਿਹੀਆਂ ਕਾਰਵਾਈਆਂ ਦੀ ਨਿੰਦਾ ਕਰਦਿਆਂ ਕਿਹਾ ਕਿ ਇਸ ਦੇ ਉਲੰਪਿਕ ਨਾਲ ਸਿੱਧੇ ਸੰਬੰਧ ਦੇ ਕੋਈ ਤੁਰੰਤ ਸੰਕੇਤ ਨਹੀਂ ਮਿਲੇ ਹਨ। ਲੰਡਨ ਦੇ ਸੇਂਟ ਪੈਨਕ੍ਰਾਸ ਸਟੇਸ਼ਨ 'ਤੇ ਵੱਡੀ ਗਿਣਤੀ 'ਚ ਯਾਤਰੀ ਫਸ ਗਏ।

ਰੇਲ ਲਾਈਨ ਪੁੱਟਣ ਤੋਂ ਬਾਅਦ ਜਰਮਨੀ ਵਿਚ ਰੇਲ ਸੇਵਾਵਾਂ ਦੇਣ ਵਾਲੀ ਡੌਸ ਬਾਹਨ ਨੇ ਯਾਤਰੀਆਂ ਨੂੰ ਲੰਬੀ ਦੂਰੀ ਦੇ ਰੇਲ ਨੈੱਟਵਰਕ 'ਚ ਰੁਕਾਵਟਾਂ ਪੈਣ ਬਾਰੇ ਚਿਤਾਵਨੀ ਜਾਰੀ ਕੀਤੀ ਹੈ। ਉਸ ਨੇ ਕਿਹਾ ਕਿ ਯਾਤਰਾ ਕਰਨ ਤੋਂ ਪਹਿਲਾਂ ਯਾਤਰੀ ਰੇਲ ਟਰੈਕ ਬਾਰੇ ਜਾਣਕਾਰੀ ਹਾਸਲ ਕਰਨ।

ਸਰਕਾਰੀ ਮਾਲਕੀ ਵਾਲੇ ਰੇਲ ਅਪਰੇਟਰ ਨੇ ਆਪਣੀ ਵੈਬਸਾਈਟ 'ਤੇ ਇੱਕ ਨੋਟਿਸ ਵਿੱਚ ਕਿਹਾ-ਯੂਰੋਸਟਾਰ ਦੇ ਰੇਲ ਰੂਟ ਨੂੰ ਨੁਕਸਾਨ ਪਹੁੰਚਾਉਣ ਕਾਰਨ ਫਰਾਂਸ ਅਤੇ ਜਰਮਨੀ ਵਿਚਕਾਰ ਡੌਸ ਬਾਹਨ ਦੀਆਂ ਲੰਬੀ ਦੂਰੀ ਦੀਆਂ ਸੇਵਾਵਾਂ ਥੋੜ੍ਹੇ ਸਮੇਂ ਲਈ ਰੱਦ ਕਰ ਦਿੱਤੀਆਂ ਗਈਆਂ ਹਨ ਤੇ ਕੁਝ ਰੇਲ ਗੱਡੀਆਂ ਦੇ ਸਮੇਂ ਵਿਚ ਬਦਲਾਅ ਕੀਤਾ ਗਿਆ ਹੈ।

### ਬ੍ਰਿਜ ਭੂਸ਼ਣ ਮਾਮਲੇ 'ਚ ਸਿਪਾਹੀ ਦੇ ਬਿਆਨ ਦਰਜ

**ਨਵੀਂ ਦਿੱਲੀ** : ਸਥਾਨਕ ਅਦਾਲਤ ਨੇ ਸਾਬਕਾ ਭਾਜਪਾ ਸਾਂਸਦ ਤੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਣ ਸਿੰਘ 'ਤੇ ਲੱਗੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਤਹਿਤ ਪੀੜਤਾਂ ਵਿੱਚੋਂ ਇਕ ਹੋਰ ਗਵਾਹ ਨੂੰ ਆਪਣੇ ਸਬੂਤ ਦਰਜ ਕਰਨ ਲਈ ਸੰਮਨ ਜਾਰੀ ਕੀਤਾ ਹੈ। ਅਦਾਲਤ ਨੇ ਜਾਂਚ ਨਾਲ ਜੁੜੇ ਇਕ ਕਾਂਸਟੇਬਲ ਦੇ ਬਿਆਨ ਦਰਜ ਕੀਤੇ ਹਨ। ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ 6 ਅਗਸਤ ਨੂੰ ਪਾ ਦਿੱਤੀ ਹੈ। 18 ਜਨਵਰੀ 2023 ਨੂੰ ਬਜਰੰਗ ਪੂਨੀਆ, ਸਾਕਸ਼ੀ ਮਲਿਕ ਤੇ ਹੋਰਾਂ ਨੇ ਬ੍ਰਿਜ ਭੂਸ਼ਣ ਖਿਲਾਫ ਜਿਨਸੀ ਸ਼ੋਸ਼ਣ ਦੇ ਦੋਸ਼ ਲਾਉਂਦਿਆਂ ਦਿੱਲੀ ਵਿਚ ਪ੍ਰਦਰਸ਼ਨ ਵੀ ਕੀਤਾ ਸੀ।

### ਟੋਲ ਪਲਾਜ਼ੇ ਖਤਮ ਕਰਨ ਦੀ ਸਕੀਮ

**ਨਵੀਂ ਦਿੱਲੀ** : ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਸ਼ੁੱਕਰਵਾਰ ਰਾਜ ਸਭਾ 'ਚ ਲਿਖਤੀ ਜਵਾਬ 'ਚ ਦੱਸਿਆ ਕਿ ਸਰਕਾਰ ਟੋਲ ਖਤਮ ਕਰ ਰਹੀ ਹੈ ਤੇ ਜਲਦ ਹੀ ਸੈਟੇਲਾਈਟ ਆਧਾਰਤ ਟੋਲ ਵਸੂਲੀ ਸਿਸਟਮ ਸ਼ੁਰੂ ਕੀਤਾ ਜਾਵੇਗਾ। ਇਸ ਨਾਲ ਬੈਂਕ ਖਾਤੇ 'ਚੋਂ ਪੈਸੇ ਕੱਟੇ ਜਾਣਗੇ ਅਤੇ ਦੂਰੀ ਦੇ ਹਿਸਾਬ ਨਾਲ ਫੀਸ ਵਸੂਲੀ ਜਾਵੇਗੀ। ਇਸਦਾ ਉਦੇਸ਼ ਟੋਲ ਕਲੈਕਸ਼ਨ ਵਧਾਉਣਾ ਤੇ ਟੋਲ ਪਲਾਜ਼ਿਆਂ 'ਤੇ ਭੀੜ ਨੂੰ ਘਟਾਉਣਾ ਹੈ। ਉਨ੍ਹਾ ਕਿਹਾ ਕਿ ਗਲੋਬਲ ਨੇਵੀਗੇਸ਼ਨ ਸੈਟੇਲਾਈਟ ਸਿਸਟਮ ਫਿਲਹਾਲ ਚੋਣਵੇ ਟੋਲ ਪਲਾਜ਼ਿਆਂ 'ਤੇ ਹੀ ਲਾਗੂ ਹੋਵੇਗਾ।

### ਕਿਸਾਨਾਂ ਨਾਲ ਵਿਤਕਰਾ : ਹਰਸਿਮਰਤ

**ਨਵੀਂ ਦਿੱਲੀ** : ਹਰਸਿਮਰਤ ਕੌਰ ਬਾਦਲ ਨੇ ਸ਼ੁੱਕਰਵਾਰ ਲੋਕ ਸਭਾ ਵਿਚ ਕੇਂਦਰੀ ਬਜਟ 'ਚ ਕਿਸਾਨਾਂ ਨੂੰ ਪੂਰੀ ਤਰ੍ਹਾਂ ਅਣਡਿੱਠ ਕਰਨ ਅਤੇ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਫਸਲਾਂ 'ਤੇ ਐਮ ਐਸ ਪੀ ਨਾ ਦੇਣ ਦੀ ਜ਼ੋਰਦਾਰ ਨਿਖੇਧੀ ਕੀਤੀ ਅਤੇ ਮੰਗ ਕੀਤੀ ਕਿ ਜਦੋਂ ਤੱਕ ਅਜਿਹਾ ਨਹੀਂ ਹੁੰਦਾ 'ਭਾਵ ਅੰਤਰ' ਸਕੀਮ ਲਾਗੂ ਕੀਤੀ ਜਾਵੇ। ਉਨ੍ਹਾ ਮੰਗ ਕੀਤੀ ਕਿ ਵਪਾਰ ਲਈ ਵਾਹਗਾ ਸਰਹੱਦ ਖੋਲ੍ਹੀ ਜਾਵੇ, ਪੰਜਾਬ ਦਾ ਰੋਕਿਆ ਪੇਂਡੂ ਵਿਕਾਸ ਫੰਡ ਅਤੇ ਸਰਵ ਸਿੱਖਿਆ ਅਭਿਆਨ ਦਾ ਬਕਾਇਆ ਜਾਰੀ ਕੀਤਾ ਜਾਵੇ। ਉਨ੍ਹਾ ਕਿਹਾ ਕਿ ਰਾਜਸਥਾਨ ਨੂੰ ਦਿੱਤੇ 8 ਐਮ ਏ ਐਫ ਪਾਣੀ ਦਾ ਮੁਆਵਜ਼ਾ ਦਿੱਤਾ ਜਾਵੇ ਅਤੇ ਚੰਡੀਗੜ੍ਹ ਨੂੰ ਪੰਜਾਬ ਨੂੰ ਦਿੱਤਾ ਜਾਵੇ।

## ਅਗਨੀਪਥ ਯੋਜਨਾ ਫੌਜ ਨੂੰ ਫਿੱਟ ਰੱਖਣ ਲਈ ਲਿਆਂਦੀ : ਮੋਦੀ

**ਦਰਾਸ (ਕਾਰਗਿਲ)** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਕਾਰਗਿਲ ਵਿਜੈ ਦਿਵਸ ਦੀ 25ਵੀਂ ਵਰ੍ਹੇਗੰਢ 'ਤੇ ਕੀਤੇ ਗਏ ਸਮਾਗਮ 'ਚ ਵਿਰੋਧੀਆਂ 'ਤੇ ਵਰ੍ਹਦਿਆਂ ਕਿਹਾ ਕਿ ਅਗਨੀਪਥ ਯੋਜਨਾ ਦਾ ਉਦੇਸ਼ ਫੌਜ ਨੂੰ ਯੁੱਧ ਲਈ ਲਗਾਤਾਰ ਫਿੱਟ ਰੱਖਣਾ ਹੈ, ਪਰ ਕੁਝ ਲੋਕ ਕੌਮੀ ਸੁਰੱਖਿਆ ਨਾਲ ਜੁੜੇ ਸੰਵੇਦਨਸ਼ੀਲ ਮੁੱਦੇ 'ਤੇ ਰਾਜਨੀਤੀ ਕਰ ਰਹੇ ਹਨ ਅਤੇ ਇਸ ਯੋਜਨਾ ਬਾਰੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਉਨ੍ਹਾ ਕਿਹਾ ਕਿ ਦਹਾਕਿਆਂ ਤੋਂ ਹਥਿਆਰਬੰਦ ਬਲਾਂ ਨੂੰ ਫਿੱਟ ਰੱਖਣ ਤੇ ਹਰ ਪੱਖੋਂ ਲੈਸ ਕਰਨ ਲਈ ਸੰਸਦ ਅਤੇ ਵੱਖ-ਵੱਖ ਕਮੇਟੀਆਂ 'ਚ ਵਿਚਾਰ-ਵਟਾਂਦਰਾ ਹੁੰਦਾ ਰਿਹਾ ਹੈ। ਸਰਕਾਰ ਵੱਲੋਂ ਇਸ ਯੋਜਨਾ ਨੂੰ ਲਾਗੂ ਕਰਨ ਤੋਂ ਬਾਅਦ ਵਿਰੋਧੀ ਇਸ ਬਾਰੇ ਭਰਮ-ਭੁਲੇਖੇ ਪੈਦਾ ਕਰ ਰਹੇ ਹਨ।

ਕਾਰਗਿਲ ਜੰਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਉਪਰੰਤ ਉਨ੍ਹਾ ਕਿਹਾ ਕਿ ਗੁਆਂਢੀ ਦੇਸ਼ ਨੇ ਕਈ ਵਾਰ ਭਾਰਤ ਦੀ ਜ਼ਮੀਨ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਹਰ ਵਾਰ ਉਸ ਨੂੰ ਮੂੰਹ ਦੀ ਖਾਣੀ ਪਈ। ਪਾਕਿਸਤਾਨ ਦੇ ਨਾਪਾਕ ਮਨਸੂਬੇ ਕਦੀ ਵੀ ਸਫਲ ਨਹੀਂ ਹੋਣ ਦਿੱਤੇ ਜਾਣਗੇ। ਉਨ੍ਹਾ ਦੇਸ਼ ਲਈ ਜਾਨਾਂ ਵਾਰਨ ਵਾਲੇ ਜਵਾਨਾਂ ਦੇ ਪਰਵਾਰਾਂ ਨਾਲ ਡਟ ਕੇ ਖੜ੍ਹਨ ਦਾ ਅਹਿਦ ਦੁਹਰਾਇਆ। ਉਨ੍ਹਾ ਕਿਹਾ ਕਿ ਦੇਸ਼ ਲਈ ਕੀਤੀਆਂ ਕੁਰਬਾਨੀਆਂ ਅਮਰ ਹਨ। ਦੇਸ਼ ਸਾਡੀਆਂ ਹਥਿਆਰਬੰਦ ਸੈਨਾਵਾਂ ਦੇ ਬਹਾਦਰੀ ਭਰੇ ਯਤਨਾਂ ਅਤੇ ਕੁਰਬਾਨੀਆਂ ਦਾ ਸਨਮਾਨ ਕਰਦਾ ਹੈ ਅਤੇ ਅਸੀਂ ਉਨ੍ਹਾਂ ਦੇ ਸ਼ੁਕਰਗੁਜ਼ਾਰ ਹਾਂ।

## ਸਤਨਾਮ ਸਿੰਘ ਸੰਧੂ ਬਕਾਇਦਾ ਭਾਜਪਾ 'ਚ ਸ਼ਾਮਲ

**ਨਵੀਂ ਦਿੱਲੀ** : ਨਾਮਜ਼ਦ ਸਾਂਸਦ ਸਤਨਾਮ ਸਿੰਘ ਸੰਧੂ ਦੇ ਭਾਜਪਾ ਵਿਚ ਸ਼ਾਮਲ ਹੋਣ ਨਾਲ ਪਾਰਟੀ ਦੀ ਰਾਜ ਸਭਾ ਵਿਚ ਤਾਕਤ ਵੱਧ ਕੇ 87 ਹੋ ਗਈ।

ਰਾਜ ਸਭਾ ਦੇ ਬੁਲੇਟਿਨ ਮੁਤਾਬਕ ਸੰਧੂ ਨੇ 31 ਜਨਵਰੀ ਨੂੰ ਮੈਂਬਰੀ ਦੀ ਸਹੁੰ ਚੁੱਕੀ ਸੀ ਤੇ ਛੇ ਮਹੀਨਿਆਂ ਤੋਂ ਪਹਿਲਾਂ 22 ਜੁਲਾਈ ਨੂੰ ਭਾਜਪਾ ਵਿਚ ਸ਼ਾਮਲ ਹੋ ਜਾਣ ਤੋਂ ਬਾਅਦ ਉਨ੍ਹਾ ਨੂੰ ਭਾਜਪਾ ਦਾ ਮੈਂਬਰ ਮੰਨਿਆ ਜਾਵੇਗਾ। ਚੰਡੀਗੜ੍ਹ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸੰਧੂ ਦੇ ਸ਼ਾਮਲ ਹੋਣ ਤੋਂ ਬਾਅਦ ਵੀ ਮੋਦੀ ਸਰਕਾਰ ਨੂੰ ਰਾਜ ਸਭਾ ਵਿਚ ਕੋਈ ਬਿੱਲ ਪਾਸ ਕਰਾਉਣ ਲਈ ਹੋਰਨਾਂ ਪਾਰਟੀਆਂ ਦੇ ਮੈਂਬਰਾਂ ਦੀ ਲੋੜ ਪਵੇਗੀ। 225 ਮੈਂਬਰੀ ਰਾਜ ਸਭਾ ਵਿਚ ਬਿੱਲ ਪਾਸ ਕਰਾਉਣ ਲਈ 113 ਮੈਂਬਰਾਂ ਦੀ ਲੋੜ ਹੁੰਦੀ ਹੈ।

ਪਿਛਲੇ ਦੌਰ ਵਿਚ ਆਂਧਰਾ ਦੀ ਵਾਈ ਐੱਸ ਆਰ ਸੀ ਪੀ ਤੇ ਓਡੀਸ਼ਾ ਦੀ ਬੀ ਜੇ ਡੀ ਮੋਦੀ ਸਰਕਾਰ ਦੀ ਮਦਦ 'ਤੇ ਆ ਜਾਂਦੀਆਂ ਸਨ ਪਰ ਹੁਣ ਬੀ ਜੇ ਡੀ ਨੇ ਐਲਾਨਿਆ ਹੈ ਕਿ ਉਹ ਅਪੋਜ਼ੀਸ਼ਨ ਦਾ ਰੋਲ ਨਿਭਾਏਗੀ। ਕਾਂਗਰਸ ਦੇ 26 ਮੈਂਬਰ ਹਨ ਤੇ ਅਪੋਜ਼ੀਸ਼ਨ ਦੇ ਗੱਠਜੋੜ ਇੰਡੀਆ ਦੇ ਕਾਂਗਰਸ ਸਮੇਤ ਕੁਲ 87 ਮੈਂਬਰ ਹਨ।

## ਨੇਮ ਪਲੇਟਾਂ ਲਾਉਣ 'ਤੇ ਰੋਕ ਜਾਰੀ ਰਹੇਗੀ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਭਾਜਪਾ ਸ਼ਾਸਤ ਯੂ ਪੀ, ਉੱਤਰਾਖੰਡ ਅਤੇ ਮੱਧ ਪ੍ਰਦੇਸ਼ ਵੱਲੋਂ ਕਾਂਵੜ ਯਾਤਰਾ ਦੇ ਰੂਟਾਂ ਦੇ ਨਾਲ-ਨਾਲ ਖਾਣ-ਪੀਣ ਵਾਲੀਆਂ ਦੁਕਾਨਾਂ ਦੇ ਮਾਲਕਾਂ, ਸਟਾਫ ਅਤੇ ਹੋਰ ਲੋਕਾਂ ਦੇ ਨਾਂਅ ਪ੍ਰਦਰਸ਼ਤ ਕਰਨ ਲਈ ਜਾਰੀ ਕੀਤੇ ਗਏ ਨਿਰਦੇਸ਼ਾਂ 'ਤੇ ਰੋਕ ਲਗਾਉਣ ਦੇ ਆਪਣੇ 22 ਜੁਲਾਈ ਦੇ ਅੰਤਰਮ ਹੁਕਮਾਂ ਨੂੰ ਜਾਰੀ ਰੱਖਣ ਦੇ ਨਿਰਦੇਸ਼ ਦਿੱਤੇ ਹਨ। ਜਸਟਿਸ ਰਿਸ਼ੀਕੇਸ਼ ਰਾਏ ਅਤੇ ਐੱਸ ਵੀ ਐੱਨ ਭੱਟੀ ਦੀ ਬੈਂਚ ਨੇ ਸ਼ੁੱਕਰਵਾਰ ਕਿਹਾ ਕਿ ਉਹ 22 ਜੁਲਾਈ ਦੇ ਹੁਕਮਾਂ 'ਤੇ ਕੋਈ ਸਪੱਸ਼ਟੀਕਰਨ ਜਾਰੀ ਨਹੀਂ ਕਰਨਗੇ। ਅਦਾਲਤ ਨੇ ਮੱਧ ਪ੍ਰਦੇਸ਼ ਅਤੇ ਉੱਤਰਾਖੰਡ ਸਰਕਾਰਾਂ ਨੂੰ ਆਪਣੇ-ਆਪਣੇ ਨਿਰਦੇਸ਼ਾਂ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਜਵਾਬ ਦਾਖਲ ਕਰਨ ਲਈ ਕਹਿੰਦਿਆਂ ਮਾਮਲੇ ਦੀ ਸੁਣਵਾਈ 5 ਅਗਸਤ 'ਤੇ ਪਾ ਦਿੱਤੀ ਹੈ। ਇਸ ਤੋਂ ਪਹਿਲਾਂ ਯੂ ਪੀ ਸਰਕਾਰ ਨੇ ਸੁਪਰੀਮ ਕੋਰਟ ਵਿਚ ਇਕ ਹਲਫ਼ਨਾਮਾ ਦਾਇਰ ਕਰਦਿਆਂ ਸਰਕਾਰ ਵੱਲੋਂ ਕਾਂਵੜ ਯਾਤਰਾ ਦੌਰਾਨ ਦੁਕਾਨਾਂ 'ਤੇ ਨੇਮ ਪਲੇਟ ਲਗਾਉਣ ਦੇ ਆਪਣੇ ਹੁਕਮਾਂ ਨੂੰ ਜਾਇਜ਼ ਠਹਿਰਾਇਆ ਸੀ। ਸਰਕਾਰ ਨੇ ਕਿਹਾ ਸੀ ਕਿ ਕਾਂਵੜ ਯਾਤਰਾ ਸ਼ਾਂਤੀਪੂਰਨ ਕਰਨ ਅਤੇ ਪਾਰਦਰਸ਼ਤਾ ਬਣਾਈ ਰੱਖਣ ਦੇ ਉਦੇਸ਼ ਨਾਲ ਇਹ ਨਿਰਦੇਸ਼ ਜਾਰੀ ਕੀਤੇ ਗਏ ਸਨ।

## ਬਿੱਲ ਮਨਜ਼ੂਰ ਨਾ ਕਰਨ 'ਤੇ ਗ੍ਰਹਿ ਮੰਤਰਾਲਾ, ਬੰਗਾਲ ਤੇ ਕੇਰਲਾ ਦੇ ਰਾਜਪਾਲਾਂ ਦੇ ਸਕੱਤਰਾਂ ਨੂੰ ਨੋਟਿਸ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਪੱਛਮੀ ਬੰਗਾਲ ਤੇ ਕੇਰਲਾ ਵਿਧਾਨ ਸਭਾ ਵੱਲੋਂ ਪਾਸ ਬਿੱਲਾਂ ਨੂੰ ਮਨਜ਼ੂਰੀ ਦੇਣ ਤੋਂ ਇਨਕਾਰ ਕਰਨ ਅਤੇ ਰਾਸ਼ਟਰਪਤੀ ਨੂੰ ਵਿਚਾਰਨ ਲਈ ਭੇਜਣ ਸੰਬੰਧੀ ਮਾਮਲੇ ਵਿਚ ਪੱਛਮੀ ਬੰਗਾਲ ਅਤੇ ਕੇਰਲਾ ਦੀਆਂ ਪਟੀਸ਼ਨਾਂ 'ਤੇ ਕੇਂਦਰ ਅਤੇ ਦੋਵਾਂ ਰਾਜਾਂ ਦੇ ਰਾਜਪਾਲਾਂ ਦੇ ਸਕੱਤਰਾਂ ਤੋਂ ਤਿੰਨ ਹਫਤਿਆਂ ਵਿਚ ਜਵਾਬ ਮੰਗਿਆ ਹੈ। ਚੀਫ ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਜੇ ਬੀ ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਦੀ ਬੈਂਚ ਨੇ ਕੇਂਦਰੀ ਗ੍ਰਹਿ ਮੰਤਰਾਲੇ ਅਤੇ ਦੋਹਾਂ ਰਾਜਪਾਲਾਂ ਦੇ ਸਕੱਤਰਾਂ ਨੂੰ ਨੋਟਿਸ ਜਾਰੀ ਕੀਤਾ ਹੈ। ਕੇਰਲਾ ਨੇ ਇਹ ਵੀ ਦੋਸ਼ ਲਾਇਆ ਕਿ ਰਾਜਪਾਲ ਆਰਿਫ ਮੁਹੰਮਦ ਖਾਨ ਨੇ ਕੁਝ ਬਿੱਲ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਭੇਜੇ ਹਨ ਅਤੇ ਉਨ੍ਹਾਂ ਨੂੰ ਮਨਜ਼ੂਰੀ ਮਿਲਣੀ ਬਾਕੀ ਹੈ। ਅਦਾਲਤ ਨੇ ਤ੍ਰਿਣਮੂਲ ਕਾਂਗਰਸ ਦੀ ਅਗਵਾਈ ਵਾਲੀ ਪੱਛਮੀ ਬੰਗਾਲ ਸਰਕਾਰ ਨੂੰ ਗ੍ਰਹਿ ਮੰਤਰਾਲੇ ਨੂੰ ਪਟੀਸ਼ਨ ਵਿਚ ਧਿਰ ਬਣਾਉਣ ਦਾ ਵੀ ਨਿਰਦੇਸ਼ ਦਿੱਤਾ ਹੈ। ਕੇਰਲਾ ਸਰਕਾਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਨੇ ਕਿਹਾ ਕਿ ਇਹ ਬਿੱਲ ਪਿਛਲੇ ਅੱਠ ਮਹੀਨਿਆਂ ਤੋਂ ਪੈਂਡਿੰਗ ਹਨ। ਪੱਛਮੀ ਬੰਗਾਲ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਅਭਿਸ਼ੇਕ ਮਨੂੰ ਸਿੰਘਵੀ ਨੇ ਕਿਹਾ ਕਿ ਉਹ ਕੇਂਦਰ ਨੂੰ ਧਿਰ ਬਣਾਉਣਗੇ ਅਤੇ ਪਟੀਸ਼ਨ ਦਾ ਫੈਸਲਾ ਕਰਨ 'ਚ ਅਦਾਲਤ ਦੀ ਮਦਦ ਲਈ ਲਿਖਤੀ ਨੋਟ ਦਾਇਰ ਕਰਨਗੇ।

## ਭਾਰਤ ਫਾਈਨਲ 'ਚ

**ਦਾਂਬੁਲਾ** : ਭਾਰਤੀ ਮਹਿਲਾ ਕ੍ਰਿਕਟ ਟੀਮ ਟੀ 20 ਏਸ਼ੀਆ ਕੱਪ ਦੇ ਸੈਮੀਫਾਈਨਲ 'ਚ ਬੰਗਲਾਦੇਸ਼ ਨੂੰ ਦਸ ਵਿਕਟਾਂ ਨਾਲ ਹਰਾ ਕੇ ਨੌਵੀਂ ਵਾਰ ਫਾਈਨਲ 'ਚ ਪੁੱਜ ਗਈ। ਭਾਰਤ ਵੱਲੋਂ ਸਮਰਿਤੀ ਮੰਦਾਨਾ ਨੇ 39 ਗੇਂਦਾਂ 'ਤੇ 55 ਦੌੜਾਂ ਬਣਾਈਆਂ ਜਦਕਿ ਸ਼ੈਫਾਲੀ ਵਰਮਾ ਨੇ 28 ਗੇਂਦਾਂ 'ਤੇ 26 ਦੌੜਾਂ। ਬੰਗਲਾਦੇਸ਼ ਨੇ ਵੀਹ ਓਵਰਾਂ ਵਿਚ ਅੱਠ ਵਿਕਟਾਂ ਨਾਲ 80 ਦੌੜਾਂ ਬਣਾਈਆਂ ਜਦਕਿ ਭਾਰਤ ਨੇ ਜੇਤੂ ਟੀਚਾ 11 ਓਵਰਾਂ ਵਿਚ ਬਿਨਾਂ ਕੋਈ ਵਿਕਟ ਗੁਆਏ ਹਾਸਲ ਕਰ ਲਿਆ। ਭਾਰਤ ਸ੍ਰੀਲੰਕਾ ਤੇ ਪਾਕਿਸਤਾਨ ਦਰਮਿਆਨ ਹੋਣ ਵਾਲੇ ਸੈਮੀਫਾਈਨਲ ਦੇ ਜੇਤੂ ਨਾਲ ਫਾਈਨਲ ਖੇਡੇਗਾ।

## ਜਨਮ ਦਿਨ ਮੁਬਾਰਕ



ਕਾਮਰੇਡ ਰਛਪਾਲ ਸਿੰਘ ਬੜਾ ਪਿੰਡ ਦੇ ਦੋਹਤੇ **ਰਣਦੀਪ ਸਿੰਘ ਖੰਗੂੜਾ** ਸਪੁੱਤਰ ਸ੍ਰੀਮਤੀ ਰਾਜ ਨਰਿੰਦਰ ਖੰਗੂੜਾ ਤੇ ਰਛਪਾਲ ਸਿੰਘ ਖੰਗੂੜਾ (ਵਾਸੀ ਅਮਰੀਕਾ) ਦੇ 23ਵੇਂ ਜਨਮ ਦਿਨ ਮੌਕੇ ਪਰਵਾਰ ਵੱਲੋਂ 'ਨਵਾਂ ਜ਼ਮਾਨਾ' ਨੂੰ 200 ਡਾਲਰ ਦੀ ਸਹਾਇਤਾ ਕਾਮਰੇਡ ਜਤਿੰਦਰ ਪਨੂੰ ਰਾਹੀਂ ਭੇਜੀ ਗਈ ਹੈ। ਅਦਾਰਾ ਪਰਵਾਰ ਦੀ ਖੁਸ਼ੀ ਵਿੱਚ ਧੰਨਵਾਦ ਸਹਿਤ ਸ਼ਾਮਲ ਹੁੰਦਾ ਹੈ।

## ਅੱਜ-ਨਾਮਾ

ਖੇਡ-ਮੇਲਾ ਅੱਜ ਪੈਰਿਸ ਵਿੱਚ ਫੇਰ ਲੱਗਾ,
ਜਵਾਨੀ ਦਿਖਾਊਗੀ ਹੁਨਰ ਤੇ ਜ਼ੋਰ ਮੀਆਂ।
ਪਛੜਨਾ ਕਦੀ ਖਿਡਾਰੀ ਨਹੀਂ ਕੋਈ ਚਾਹੂ,
ਲੈ ਜਾਏ ਤਮਗਾ ਨਾ ਜਿੱਤ ਕੇ ਹੋਰ ਮੀਆਂ।
ਹਰ ਕੋਈ ਪਹੁੰਚਿਆ ਫੁੱਲ ਤਿਆਰ ਹੋ ਕੇ,
ਪੈਂਦੜਾ ਤਾੜੀਆਂ ਦਾ ਹੋਊਗਾ ਸ਼ੋਰ ਮੀਆਂ।
ਫਿਰ ਵੀ ਸਾਰਿਆਂ ਮੈਡਲ ਨਾ ਜਿੱਤ ਲੈਣਾ,
ਰਹੂਗੀ ਹਿੰਮਤ ਦੇ ਹੱਥ ਇਹ ਡੋਰ ਮੀਆਂ।
ਦਲ ਤਾਂ ਭਾਰਤ ਦਾ ਗਿਆ ਹੈ ਬਹੁਤ ਵੱਡਾ,
ਮੁਲਕ ਨੂੰ ਸਾਰਿਆਂ ਤੋਂ ਵੱਡੀ ਆਸ ਮੀਆਂ।
ਖਿਡਾਰੀ ਖੇਡਣ ਪੰਜਾਬੀ ਹਨ ਗਏ ਜਿਹੜੇ,
ਖਿੱਚ ਦਾ ਕੇਂਦਰ ਉਹ ਹੋਣਗੇ ਖਾਸ ਮੀਆਂ।

-ਤੀਸ ਮਾਰ ਖਾਂ

## ਰਾਹੁਲ ਨੇ ਮੋਚੀ ਦਾ ਹਾਲ ਜਾਣਿਆ



**ਸੁਲਤਾਨਪੁਰ** : ਰਾਹੁਲ ਗਾਂਧੀ ਸੁਲਤਾਨਪੁਰ ਕੋਰਟ ਵਿਚ ਪੇਸ਼ੀ ਭੁਗਤ ਕੇ ਲਖਨਊ ਹਵਾਈ ਅੱਡੇ ਵੱਲ ਜਾਂਦਿਆਂ ਰਾਹ ਵਿਚ ਕੂਰੇਭਾਰ ਦੇ ਵਿਧਾਇਕ ਚੌਕ 'ਚ ਚੇਤ ਰਾਮ ਮੋਚੀ ਦੀ ਦੁਕਾਨ 'ਤੇ ਰੁਕੇ। ਚੇਤ ਰਾਮ ਨਾਲ ਗੱਲਬਾਤ ਦੌਰਾਨ ਚੱਪਲ ਗੰਢਣ ਦੀ ਕੋਸ਼ਿਸ਼ ਵੀ ਕੀਤੀ। ਚੇਤ ਰਾਮ ਨੇ ਰਾਹੁਲ ਨੂੰ ਕਿਹਾ ਕਿ ਉਹ ਗਰੀਬ ਹੈ ਤੇ ਉਸਦੀ ਮਦਦ ਕਰੋ। ਰਾਹੁਲ ਨੇ ਮੋਚੀਆਂ ਦਾ ਮੁੱਦਾ ਲੋਕ ਸਭਾ ਵਿਚ ਉਠਾਉਣ ਦਾ ਭਰੋਸਾ ਦਿੱਤਾ।

ਰਾਹੁਲ ਗਾਂਧੀ ਮਾਣਹਾਨੀ ਦੇ ਮਾਮਲੇ 'ਚ ਸੁਣਵਾਈ ਲਈ ਸ਼ੁੱਕਰਵਾਰ ਇੱਥੋਂ ਦੀ ਐੱਮ ਪੀ-ਐੱਮ ਐੱਲ ਏ ਅਦਾਲਤ 'ਚ ਪੇਸ਼ ਹੋਏ। ਅਦਾਲਤ ਨੇ ਮਾਮਲੇ ਦੀ ਸੁਣਵਾਈ ਦੀ ਅਗਲੀ ਤਰੀਕ 12 ਅਗਸਤ ਨਿਰਧਾਰਤ ਕੀਤੀ ਤੇ ਉਸ ਵੇਲੇ ਪਟੀਸ਼ਨਰ ਦਾ ਬਿਆਨ ਦਰਜ ਕੀਤਾ ਜਾਵੇਗਾ। ਸਥਾਨਕ ਭਾਜਪਾ ਆਗੂ ਵਿਜੈ ਮਿਸ਼ਰਾ ਨੇ 4 ਅਗਸਤ, 2018 ਨੂੰ ਉਸ ਵੇਲੇ ਦੇ ਭਾਜਪਾ ਪ੍ਰਧਾਨ ਅਤੇ ਮੌਜੂਦਾ ਗ੍ਰਹਿ ਮੰਤਰੀ ਅਮਿਤ ਸ਼ਾਹ ਵਿਰੁੱਧ ਕਥਿਤ ਇਤਰਾਜ਼ਯੋਗ ਟਿੱਪਣੀ ਕਰਨ 'ਤੇ ਰਾਹੁਲ ਖਿਲਾਫ ਮਾਣਹਾਨੀ ਦਾ ਕੇਸ ਦਾਇਰ ਕੀਤਾ ਸੀ। ਅਦਾਲਤ ਨੇ 20 ਫਰਵਰੀ ਨੂੰ ਇਸ ਮਾਮਲੇ 'ਚ ਰਾਹੁਲ ਗਾਂਧੀ ਨੂੰ ਜ਼ਮਾਨਤ ਦੇ ਦਿੱਤੀ ਸੀ।

27-JULY-PAGE 3 ADVT.qxd 7/26/2024 11:25 PM Page 1





Punjab Land of Unlimited Opportunities

# ਹਰ ਇੱਕ ਦੀ ਹੋਈ ਤਰੱਕੀ

## ਭਗਵੰਤ ਸਿੰਘ ਮਾਨ ਦੀ ਪੰਜਾਬ ਸਰਕਾਰ ਦੀ

# ਗਰੰਟੀ ਪੱਕੀ

**ਭਗਵੰਤ ਸਿੰਘ ਮਾਨ**
ਮੁੱਖ ਮੰਤਰੀ, ਪੰਜਾਬ

**ਐਸ.ਸੀ. ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਵਜ਼ੀਫਾ ਯੋਜਨਾ ਤਹਿਤ ₹ 225.60 ਕਰੋੜ ਜਾਰੀ**

**ਆਸ਼ੀਰਵਾਦ ਸਕੀਮ ਤਹਿਤ ਅਨੁਸੂਚਿਤ ਜਾਤੀ ਦੇ 38,179 ਲਾਭਪਾਤਰੀਆਂ ਨੂੰ ₹ 193.77 ਕਰੋੜ ਜਾਰੀ**

- ਐਸ.ਸੀ. ਪੋਸਟ ਮੈਟ੍ਰਿਕ ਵਜ਼ੀਫਾ ਯੋਜਨਾ ਤਹਿਤ 2017-20 ਤੱਕ ਦੀ ਬਕਾਇਆ ਰਾਸ਼ੀ ਲਈ ₹ 366.00 ਕਰੋੜ ਜਾਰੀ
- ਐਸ.ਸੀ. ਵਿਦਿਆਰਥੀਆਂ ਨੂੰ ਮੁਫ਼ਤ ਪਾਠ-ਪੁਸਤਕਾਂ, ਕੁੱਲ ₹ 165.00 ਕਰੋੜ ਦੀ ਰਾਸ਼ੀ ਜਾਰੀ
- ਪੱਛੜੇ/ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ 18,510 ਲਾਭਪਾਤਰੀਆਂ ਨੂੰ ₹ 94.22 ਕਰੋੜ ਜਾਰੀ
- ਸਵੈ-ਰੁਜ਼ਗਾਰ ਯੋਜਨਾਵਾਂ ਤਹਿਤ 38 ਲਾਭਪਾਤਰੀਆਂ ਨੂੰ ₹ 0.79 ਕਰੋੜ ਦੇ ਕਰਜ਼ੇ ਵੰਡੇ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

ਨਵਾਂ ਜ਼ਮਾਨਾ

ਸ਼ਨੀਵਾਰ, 27 ਜੁਲਾਈ 2024

# ਕਿਸਾਨ ਫਿਰ ਸੰਘਰਸ਼ ਦੇ ਰਾਹ

ਕੇਂਦਰੀ ਬਜਟ ਵਿੱਚ ਕਿਸਾਨਾਂ ਦੀਆਂ ਮੰਗਾਂ ਦੀ ਅਣਦੇਖੀ ਕਰਨ ਵਿਰੁੱਧ ਕਿਸਾਨ ਜਥੇਬੰਦੀਆਂ ਨੇ ਸੰਘਰਸ਼ ਵਿੱਢਣ ਲਈ ਕਮਰਕੱਸੇ ਕਰਨੇ ਸ਼ੁਰੂ ਕਰ ਦਿੱਤੇ ਹਨ। ਕਿਸਾਨਾਂ ਦੇ ਸਭ ਤੋਂ ਵੱਡੇ ਸੰਗਠਨ ਐਸ ਕੇ ਐਮ ਨੇ ਉਸ ਨਾਲ ਜੁੜੀਆਂ ਜਥੇਬੰਦੀਆਂ ਦੀ ਇੱਕ ਆਨਲਾਈਨ ਮੀਟਿੰਗ ਕਰਕੇ ਫੈਸਲਾ ਕੀਤਾ ਹੈ ਕਿ ਸੰਘਰਸ਼ ਦੇ ਪਹਿਲੇ ਪੜਾਅ ਵਿੱਚ ਸਾਰੇ ਦੇਸ਼ ਵਿੱਚ ਪਿੰਡ ਪੱਧਰ 'ਤੇ ਬਜਟ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ।

ਐਸ ਕੇ ਐਮ ਵੱਲੋਂ ਜਾਰੀ ਕੀਤੇ ਗਏ ਪ੍ਰੈਸ ਨੋਟ ਵਿੱਚ ਕਿਹਾ ਗਿਆ ਹੈ ਕਿ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਗਏ ਬਜਟ ਵਿੱਚ ਕਿਸਾਨਾਂ ਤੇ ਮਜ਼ਦੂਰਾਂ ਦੀ ਕੀਮਤ 'ਤੇ ਖੇਤੀ ਦੇ ਕਾਰਪੋਰੇਟੀਕਰਨ ਨੂੰ ਤਰਜੀਹ ਦਿੱਤੀ ਗਈ ਹੈ। ਕਿਸਾਨਾਂ ਤੇ ਮਜ਼ਦੂਰਾਂ ਦੀ ਕਰਜ਼ਾ ਮਾਫ਼ੀ ਦੀ ਲੰਮੇ ਸਮੇਂ ਦੀ ਮੰਗ ਨੂੰ ਵੀ ਬਜਟ ਵਿੱਚ ਕੋਈ ਥਾਂ ਨਹੀਂ ਦਿੱਤੀ ਗਈ। ਸਰਕਾਰੀ ਅੰਕੜਿਆਂ ਮੁਤਾਬਕ ਕਰਜ਼ੇ ਦੇ ਬੋਝ ਕਾਰਨ ਹਰ ਦਿਨ 31 ਕਿਸਾਨ ਆਤਮਹੱਤਿਆ ਕਰ ਰਹੇ ਹਨ।

ਐਸ ਕੇ ਐਮ ਨੇ ਕਿਹਾ ਹੈ ਕਿ ਕਿਸਾਨਾਂ ਦੀ ਸਵਾਮੀਨਾਥਨ ਰਿਪੋਰਟ ਅਨੁਸਾਰ ਐਮ ਐਸ ਪੀ ਦੀ ਮੰਗ ਨੂੰ ਅਣਗੌਲਿਆਂ ਕਰਨਾ, ਘੱਟੋ-ਘੱਟ ਮਜ਼ਦੂਰੀ ਤੈਅ ਨਾ ਕਰਨਾ, ਮਨਰੇਗਾ ਮਜ਼ਦੂਰੀ ਵਿੱਚ ਵਾਧਾ ਨਾ ਕਰਨਾ ਤੇ ਖਾਦ ਸਬਸਿਡੀ ਵਿੱਚ ਕਟੌਤੀ ਕਰਨਾ ਖੇਤੀ ਪ੍ਰਤੀ ਸਰਕਾਰ ਦੇ ਨਾਂਹ-ਪੱਖੀ ਰਵੱਈਏ ਨੂੰ ਦਰਸਾਉਂਦਾ ਹੈ। ਐਸ ਕੇ ਐਮ ਨੇ ਨੌਜਵਾਨਾਂ ਦੀ ਬੇਰੁਜ਼ਗਾਰੀ ਦੇ ਮੁੱਦੇ ਨੂੰ ਆਪਣੀਆਂ ਮੰਗਾਂ ਵਿੱਚ ਸ਼ਾਮਲ ਕਰਦਿਆਂ ਜਨਤਕ ਖੇਤਰ ਤੇ ਪ੍ਰਸ਼ਾਸਨ ਵਿੱਚ ਖਾਲੀ ਪਈਆਂ 30 ਲੱਖ ਅਸਾਮੀਆਂ ਨਾ ਭਰਨ ਲਈ ਵੀ ਸਰਕਾਰ ਦੀ ਨੁਕਤਾਚੀਨੀ ਕੀਤੀ ਹੈ। ਸੰਗਠਨ ਨੇ ਕਿਹਾ ਹੈ ਕਿ ਇਸ ਦੇ ਉਲਟ ਬਹੁਕੌਮੀ ਕਾਰਪੋਰੇਸ਼ਨਾਂ ਦੇ ਟੈਕਸ ਵਿੱਚ 5 ਫ਼ੀਸਦੀ ਕਟੌਤੀ ਕਰ ਦਿੱਤੀ ਗਈ ਹੈ। ਬਜਟ ਵਿੱਚ ਸਿੱਖਿਆ, ਸਿਹਤ, ਰੁਜ਼ਗਾਰ ਤੇ ਵਧਦੀ ਮਹਿੰਗਾਈ ਨੂੰ ਕਾਬੂ ਕਰਨ ਲਈ ਕੋਈ ਕਦਮ ਨਹੀਂ ਚੁੱਕਿਆ ਗਿਆ।

ਐਸ ਕੇ ਐਮ ਨੇ ਸਰਕਾਰ ਦੇ ਖੇਤੀ ਦੇ ਕਾਰਪੋਰੇਟਾਈਜ਼ੇਸ਼ਨ ਦੀ ਦਿਸ਼ਾ ਵੱਲ ਵਧਣ ਦੀ ਨਿੰਦਾ ਕਰਦਿਆਂ ਇਸ ਨੂੰ ਸੰਵਿਧਾਨ ਦੇ ਸੰਘੀ ਚਰਿੱਤਰ ਉੱਤੇ ਹਮਲਾ ਕਿਹਾ ਹੈ। ਠੇਕਾ ਖੇਤੀ ਨੂੰ ਉਤਸ਼ਾਹਤ ਕਰਕੇ ਖੋਜ ਤੇ ਵਿਕਾਸ ਦੇ ਨਾਂ ਉੱਤੇ ਨਿੱਜੀ ਖੇਤਰ ਨੂੰ ਖੇਤੀ ਸੈਕਟਰ ਵਿੱਚ ਵਾੜਿਆ ਜਾ ਰਿਹਾ ਹੈ। ਐਸ ਕੇ ਐਮ ਇਸ ਨੂੰ ਪਿਛਲੇ ਦਰਵਾਜ਼ਿਓਂ ਖੇਤੀ ਕਾਨੂੰਨਾਂ ਨੂੰ ਮੁੜ ਲਾਗੂ ਕਰਨ ਦੀ ਨੀਤੀ ਵਜੋਂ ਦੇਖਦਾ ਹੈ, ਜਿਨ੍ਹਾਂ ਵਿਰੁੱਧ ਕਿਸਾਨਾਂ ਨੇ ਇਤਿਹਾਸਕ ਕਿਸਾਨ ਅੰਦੋਲਨ ਲੜਿਆ ਤੇ 700 ਤੋਂ ਵੱਧ ਕਿਸਾਨਾਂ ਨੇ ਸ਼ਹਾਦਤ ਦਿੱਤੀ ਸੀ।

ਐਸ ਕੇ ਐਮ ਨੇ ਵਿੱਤ ਮੰਤਰੀ ਦੇ ਖੇਤੀ ਲਾਗਤ ਉੱਤੇ 50 ਫ਼ੀਸਦੀ ਵਧਾ ਕੇ ਕੀਮਤ ਦੇਣ ਦੇ ਦਾਅਵੇ ਨੂੰ ਝੂਠ ਦਾ ਪੁਲੰਦਾ ਕਹਿੰਦਿਆਂ ਐਮ ਐਸ ਪੀ ਬਾਰੇ ਸਫ਼ੈਦ ਪੱਤਰ ਜਾਰੀ ਕਰਨ ਦੀ ਮੰਗ ਕੀਤੀ ਹੈ। ਐਸ ਕੇ ਐਮ ਨੇ ਕਿਹਾ ਹੈ ਕਿ ਉਤਪਾਦਨ ਲਾਗਤ ਵਿੱਚ ਵਾਧੇ, ਖਾਦ ਸਬਸਿਡੀ ਵਿੱਚ ਕਟੌਤੀ, ਬੀਜ, ਮਸ਼ੀਨਰੀ ਤੇ ਖਾਦ 'ਤੇ ਜੀ ਐਸ ਟੀ ਜਾਰੀ ਰੱਖ ਕੇ ਦੇਸ਼ ਦੀ ਖਾਧ ਸੁਰੱਖਿਆ ਨੂੰ ਸੰਕਟ ਵਿੱਚ ਪਾਇਆ ਜਾ ਰਿਹਾ ਹੈ। ਇੱਕ ਕਰੋੜ ਕਿਸਾਨਾਂ ਨੂੰ ਕੁਦਰਤੀ ਖੇਤੀ ਲਈ ਉਤਸ਼ਾਹਤ ਕਰਨ ਦੀ ਨੀਤੀ ਨਾਲ ਵੀ ਖੇਤੀ ਉਤਪਾਦਨ ਉੱਤੇ ਮਾੜਾ ਅਸਰ ਪਵੇਗਾ। ਬਜਟ ਵਿੱਚ ਅਵਾਰਾ ਪਸ਼ੂਆਂ ਰਾਹੀਂ ਹੁੰਦੇ ਫ਼ਸਲਾਂ ਦੇ ਨੁਕਸਾਨ ਤੇ ਗੰਨਾ ਕਿਸਾਨਾਂ ਦੇ ਬਕਾਇਆਂ ਦੀ ਅਦਾਇਗੀ ਬਾਰੇ ਵੀ ਕੋਈ ਠੋਸ ਉਪਾਅ ਨਹੀਂ ਕੀਤੇ ਗਏ।

ਇਸੇ ਦੌਰਾਨ ਸ਼ੰਭੂ ਬਾਰਡਰ 'ਤੇ ਮੋਰਚਾ ਲਈ ਬੈਠੇ ਐਸ ਕੇ ਐਮ (ਗੈਰ ਰਾਜਨੀਤਕ) ਤੇ ਕਿਸਾਨ ਮਜ਼ਦੂਰ ਮੋਰਚੇ ਨੇ ਵੀ ਦਿੱਲੀ ਵਿੱਚ ਕਿਸਾਨ ਸੰਗਠਨਾਂ ਦੀ ਮੀਟਿੰਗ ਕਰਕੇ ਐਮ ਐਸ ਪੀ ਤੇ ਹੋਰ ਮੰਗਾਂ ਲਈ ਸੰਘਰਸ਼ ਤੇਜ਼ ਕਰਨ ਦਾ ਫੈਸਲਾ ਕੀਤਾ ਹੈ। ਫੈਸਲਾ ਕੀਤਾ ਹੈ ਕਿ ਸ਼ੰਭੂ ਬਾਰਡਰ ਉੱਤੇ ਲੱਗੇ ਧਰਨੇ ਨੂੰ ਮੰਗਾਂ ਪੂਰੀਆਂ ਹੋਣ ਤੱਕ ਜਾਰੀ ਰੱਖਿਆ ਜਾਵੇਗਾ। ਇਕ ਅਗਸਤ ਨੂੰ ਪੂਰੇ ਦੇਸ਼ ਅੰਦਰ ਸਰਕਾਰ ਦੇ ਪੁਤਲੇ ਫੂਕੇ ਜਾਣਗੇ। ਅਜ਼ਾਦੀ ਦਿਹਾੜੇ ਉਤੇ 15 ਅਗਸਤ ਨੂੰ ਦੇਸ਼ ਭਰ ਵਿੱਚ ਟਰੈਕਟਰ ਮਾਰਚ ਕੀਤੇ ਜਾਣਗੇ। ਇਸੇ ਦੌਰਾਨ ਕਿਸਾਨ ਆਗੂਆਂ ਨੇ ਇੰਡੀਆ ਗੱਠਜੋੜ ਨਾਲ ਜੁੜੀਆਂ ਤੇ ਭਾਜਪਾ ਨੂੰ ਛੱਡ ਕੇ ਐਨ ਡੀ ਏ ਵਿੱਚ ਸ਼ਾਮਲ ਪਾਰਟੀਆਂ ਦੇ ਆਗੂਆਂ ਨੂੰ ਮਿਲ ਕੇ ਆਪਣੇ ਮੁੱਦਿਆਂ ਉਤੇ ਸਹਿਯੋਗ ਦੀ ਮੰਗ ਕੀਤੀ ਹੈ। ਇਹ ਪਹਿਲੀ ਵਾਰ ਹੈ, ਜਦੋਂ ਕਿਸਾਨ ਸੰਗਠਨਾਂ ਨੇ ਆਪਣੇ ਅੰਦੋਲਨ ਨੂੰ ਮਜ਼ਬੂਤੀ ਦੇਣ ਲਈ ਰਾਜਨੀਤਕ ਦਲਾਂ ਦਾ ਵੀ ਸਹਿਯੋਗ ਲੈਣ ਦਾ ਫੈਸਲਾ ਕੀਤਾ ਹੈ। ਆਸ ਹੈ ਕਿ ਇਸ ਵਾਰ ਦਾ ਕਿਸਾਨ ਅੰਦੋਲਨ ਪਹਿਲਾਂ ਨਾਲੋਂ ਵੀ ਤਿੱਖਾ ਤੇ ਫੈਸਲਾਕੁੰਨ ਹੋਵੇਗਾ। ਇਸ ਲਈ ਸਭ ਤੋਂ ਵੱਡੀ ਲੋੜ ਦੋਵਾਂ ਐਸ ਕੇ ਐਮ ਸੰਗਠਨਾਂ ਨੂੰ ਆਪਣੇ ਮਤਭੇਦ ਭੁਲਾ ਕੇ ਇੱਕ ਮੰਚ ਉੱਤੇ ਆਉਣ ਦੀ ਹੈ।

-ਚੰਦ ਫਤਿਹਪੁਰੀ

# ਵੋਟ-ਬਟੋਰੂ ਛਲਾਵੇ ਭਰਪੂਰ ਬਜਟ-2024


ਗੁਰਮੀਤ ਸਿੰਘ ਪਲਾਹੀ

ਦੇਸ਼ ਭਾਰਤ ਵਿੱਚ ਬਣਾਏ-ਉਸਾਰੇ ਜਾ ਰਹੇ ਇਸ ਕਿਸਮ ਦੇ ਮਾਹੌਲ ਦਾ ਜ਼ਿੰਮੇਵਾਰ ਕੌਣ ਹੈ, ਜਿਥੇ ਦੇਸ਼ ਦਾ ਬਜਟ ਬਨਾਉਣ, ਪੇਸ਼ ਕਰਨ ਵੇਲੇ ਵੀ ਕੁਝ ਸੂਬਿਆਂ ਨੂੰ ਨਜ਼ਰ-ਅੰਦਾਜ਼ ਕੀਤਾ ਗਿਆ ਹੈ ਤੇ ਕੁਝ ਸੂਬਿਆਂ ਨੂੰ ਗੱਫੇ ਦਿੱਤੇ ਗਏ ਹਨ। ਕੀ ਇਹ ਸੰਘੀ ਸਟੇਟ ਭਾਰਤ ਦੇ ਸੰਘੀ ਢਾਂਚੇ 'ਤੇ ਵੱਡੀ ਸੱਟ ਨਹੀਂ ਹੈ? ਸੂਬੇ ਦਾ ਧਰਤੀ ਹੇਠਲਾ ਪਾਣੀ ਘਟ ਰਿਹਾ ਹੈ ਅਤੇ ਸੂਬਾ ਆਰਥਿਕ ਐਮਰਜੈਂਸੀ ਦੇ ਕੰਢੇ ਪੁੱਜ ਚੁੱਕਾ ਹੈ, ਇਹੋ ਜਿਹੇ ਹਾਲਤਾਂ 'ਚ ਇਹ ਸੂਬਾ, ਜਿਸ ਨੇ ਸਦਾ ਦੇਸ਼ ਨੂੰ ਵੱਡਾ ਅੰਨ ਭੰਡਾਰ ਦਿੱਤਾ, ਵਿਸ਼ੇਸ਼ ਪੈਕੇਜ ਦਾ ਹੱਕਦਾਰ ਨਹੀਂ?

ਆਪਣੇ ਆੜੀ ਆਂਧਰਾ-ਬਿਹਾਰ ਨੂੰ ਤਾਂ 73,900 ਕਰੋੜ ਰੁਪਏ ਦੀ ਬਜਟ ਵਿੱਚ ਖ਼ਾਸ ਵਿਵਸਥਾ ਕੀਤੀ ਗਈ ਹੈ, ਪਰ ਸਰਹੱਦੀ ਸੂਬੇ ਪੰਜਾਬ ਅਤੇ ਬੰਗਾਲ ਦੇ ਹੱਥ ਖਾਲੀ ਹਨ। ਕੇਂਦਰ ਸਰਕਾਰ ਤੋਂ ਵਿਸ਼ੇਸ਼ ਪੈਕੇਜ ਦੀ ਝਾਕ ਲਗਾਈ ਬੈਠੇ ਪੰਜਾਬ, ਜੋ ਖੇਤੀ ਸੰਕਟ ਹੰਢਾ ਰਿਹਾ ਹੈ, ਨਾਰਕੋ ਅੱਤਵਾਦ ਦਾ ਜਿਥੇ ਪ੍ਰਕੋਪ ਹੈ, ਸਨਅਤੀ ਖੇਤਰ ਨੂੰ ਜਿਥੇ ਮੁਸ਼ਕਲਾਂ ਦਰਪੇਸ਼ ਹਨ, ਪੱਲੇ ਕੁਝ ਵੀ ਨਹੀਂ ਪਿਆ। ਪੰਜਾਬ 'ਚ ਖੇਤੀ ਕਰਜ਼ਾ ਅਤੇ ਕਿਸਾਨ ਖੁਦਕੁਸ਼ੀਆਂ ਵੱਡੇ ਮਸਲੇ ਹਨ। ਕਿਸਾਨ ਐੱਮ.ਐੱਸ.ਪੀ ਗਰੰਟੀ ਕਾਨੂੰਨ ਮੰਗਦੇ ਹਨ, ਕਿਸਾਨਾਂ ਤੇ ਮਜ਼ਦੂਰਾਂ ਦੀ ਕਰਜ਼ਾ ਮੁਕਤੀ ਚਾਹੁੰਦੇ ਹਨ।

ਦੇਸ਼ ਦੇ ਮੌਜੂਦਾ ਵੋਟ-ਬਟੋਰੂ ਬਜਟ ਦਾ ਫ਼ਾਇਦਾ ਕਿਸ ਨੂੰ ਹੋਏਗਾ?

ਕੀ ਆਮ ਲੋਕਾਂ ਨੂੰ ਫ਼ਾਇਦਾ ਹੋਏਗਾ, ਜਿਹੜੇ ਗਰੀਬੀ ਹੰਢਾ ਰਹੇ ਹਨ। ਮਹਿੰਗਾਈ ਦੀ ਮਾਰ ਝੱਲ ਰਹੇ ਹਨ।

ਕੀ ਨੌਜਵਾਨਾਂ ਨੂੰ ਫ਼ਾਇਦਾ ਹੋਏਗਾ, ਜਿਹੜੇ ਬੇਰੁਜ਼ਗਾਰੀ ਦੀ ਦਲਦਲ 'ਚ ਫਸੇ ਹੋਏ ਹਨ। ਹੱਥ ਡਿਗਰੀਆਂ ਹਨ, ਪਰ ਰੁਜ਼ਗਾਰ ਨਹੀਂ, ਬੇਬਸੀ 'ਚ ਪ੍ਰਵਾਸ ਦੇ ਰਾਹ ਹਨ।

ਕੀ ਦੇਸ਼ ਦੇ ਮੱਧ ਵਰਗੀ ਲੋਕਾਂ ਨੂੰ ਫ਼ਾਇਦਾ ਹੋਏਗਾ, ਜਿਹੜੇ ਮਹਿੰਗਾਈ 'ਚ ਨਪੀੜੇ ਜਾ ਰਹੇ ਹਨ। ਜਿਹੜੇ ਆਮਦਨ ਕਰ 'ਚ ਛੋਟ ਨਾਲ ਹੀ ਸੰਤੁਸ਼ਟ ਹੋ ਜਾਂਦੇ ਹਨ।

ਜਾਂ ਫਿਰ ਇਸ ਦਾ ਫ਼ਾਇਦਾ ਸਿਰਫ਼ ਦੇਸ਼ ਦਾ ਕਾਰਪੋਰੇਟ ਸੈਕਟਰ ਲਏਗਾ, ਜਿਸ ਦੀਆਂ ਝੋਲੀਆਂ ਇਸ ਬਜਟ ਨੇ ਭਰ ਦਿੱਤੀਆਂ ਹਨ ਜਾਂ ਵਿਦੇਸ਼ੀ ਕੰਪਨੀਆਂ ਨੂੰ ਫਾਇਦਾ ਹੋਏਗਾ, ਜਿਹਨਾਂ ਦਾ ਟੈਕਸ ਘਟਾ ਦਿੱਤਾ ਗਿਆ ਹੈ।

ਬਜਟ ਵਿੱਚ ਅਸਲੀਅਤ ਨਾਲੋਂ ਛਲਾਵਾ ਵੱਧ ਹੈ। ਕਹਿਣ ਨੂੰ ਤਾਂ ਪਹਿਲੀ ਵਾਰ ਰੁਜ਼ਗਾਰ ਪ੍ਰਾਪਤ ਕਰਨ ਵਾਲੇ 50 ਲੱਖ ਨੌਜਵਾਨਾਂ ਨੂੰ ਤਿੰਨ ਕਿਸ਼ਤਾਂ ਵਿੱਚ 15000 ਰੁਪਏ ਪ੍ਰਤੀ ਮਿਲਣਗੇ ਤੇ ਇਹ ਇੱਕ ਲੱਖ ਰੁਪਏ ਦੀ ਮਾਸਿਕ ਨੌਕਰੀ ਵਾਲਿਆਂ ਨੂੰ ਮਿਲਣਗੇ, ਪਰ ਦੇਸ਼ ਦੀ ਕੁਲ ਅਸਿਖਿਅਤ ਨੌਜਵਾਨ ਵਸੋਂ, ਜੋ ਕੁੱਲ ਰੁਜ਼ਗਾਰ ਪ੍ਰਾਪਤ ਕਰਨ ਯੋਗ ਆਬਾਦੀ ਦਾ 51.4 ਫ਼ੀਸਦੀ ਹੈ, ਕੀ ਬਣੇਗਾ ? ਇਸ ਬਾਰੇ ਬਜਟ ਚੁੱਪ ਹੈ।

ਬਜਟ ਵਿੱਚ ਸਿੱਖਿਆ ਨੂੰ ਤਰਜੀਹ ਦੇਣ ਦੀ ਗੱਲ ਕੀਤੀ ਗਈ ਹੈ, ਪਰ ਸਿੱਖਿਆ ਦਾ ਬਜਟ 9000 ਕਰੋੜ ਘਟਾ ਦਿੱਤਾ ਗਿਆ ਹੈ। ਉਂਜ ਭਾਵੇਂ ਸਿੱਖਿਆ ਪ੍ਰਾਪਤੀ ਦੀ ਦਰ ਯੂਨੀਵਰਸਿਟੀ ਪੱਧਰ ਤੱਕ ਚਾਰ ਗੁਣਾਂ ਵਧੀ ਹੈ, ਪਰ ਪਿਛਲੇ ਦਸ ਸਾਲਾਂ ਵਿੱਚ ਬੇਰੁਜ਼ਗਾਰੀ ਦਰ 5.4 ਫ਼ੀਸਦੀ ਤੋਂ ਵਧ ਕੇ 9.2 ਫ਼ੀਸਦੀ ਹੋ ਗਈ ਹੈ।ਬਜਟ ਵਿੱਚ ਮੁਢਲੀ ਸਿੱਖਿਆ ਲਈ ਰਕਮ ਥੋੜ੍ਹੀ ਵਧਾਈ ਗਈ ਹੈ, ਪਰ ਉੱਚ ਸਿੱਖਿਆ ਉੱਤੇ ਆਰਾ ਚਲਾ ਦਿੱਤਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਦੇਸ਼ ਤੋਂ ਬਾਹਰ ਸਿੱਖਿਆ ਪ੍ਰਾਪਤ ਕਰਨ ਵਾਲਿਆਂ ਲਈ 10 ਲੱਖ ਦਾ ਕਰਜ਼ਾ ਦੇਣ ਦਾ ਪ੍ਰਾਵਧਾਨ ਕੀਤਾ ਗਿਆ ਹੈ। ਕੀ ਦੇਸ਼ ਦੀ ਨੌਜਵਾਨਾਂ ਨੂੰ ਸਿਆਣੇ ਬਣਨ ਤੋਂ ਰੋਕਣ ਲਈ ਕੋਈ ਵਿਉਂਤ ਬੁਣੀ ਜਾ ਰਹੀ ਹੈ? ਅੱਜ ਜਦੋਂ ਦੇਸ਼ ਦਾ ਨੌਜਵਾਨ ਹੁਨਰ ਰਹਿਤ ਹੈ, ਰੁਜ਼ਗਾਰ ਰਹਿਤ ਹੈ, ਸਰਕਾਰ ਦੀ ਵੱਧ ਤਵੱਜੋ ਚਾਹੁੰਦਾ ਹੈ।

ਸਿਹਤ ਦਾ ਬਜਟ 13 ਫ਼ੀਸਦੀ ਵਧਾ ਕੇ 90,958 ਕਰੋੜ ਕਰ ਦਿੱਤਾ ਗਿਆ, ਆਯੂਸ਼ਮਾਨ ਭਾਰਤ ਬੀਮਾ ਯੋਜਨਾ ਰਾਸ਼ੀ ਵੀ 1.4 ਫ਼ੀਸਦੀ ਵਧੀ ਹੈ, ਪਰ ਕੋਈ ਨਵੀਂ ਸਿਹਤ ਸਕੀਮ ਚਾਲੂ ਨਹੀਂ ਕੀਤੀ ਗਈ। ਆਯੁਸ਼ਮਾਨ ਭਾਰਤ ਸਿਹਤ ਸਕੀਮ ਪਹਿਲਾਂ ਹੀ ਡਾਕਟਰੀ ਮਾਫੀਆ ਦੀ ਸ਼ਿਕਾਰ ਹੈ ਅਤੇ ਲੋਕ ਸਿਹਤ ਪੱਖੋਂ ਪਹਿਲਾਂ ਹੀ ਸੰਤਾਪ ਹੰਢਾ ਰਹੇ ਹਨ।

ਖੇਤੀ ਖੇਤਰ ਨੂੰ ਨਵੀਂਆਂ ਸੌਗਾਤਾਂ ਦੇਣ ਦੀ ਗੱਲ ਕੀਤੀ ਗਈ ਹੈ, ਦੋ ਸਾਲਾਂ 'ਚ ਇੱਕ ਕਰੋੜ ਕਿਸਾਨਾਂ ਨੂੰ ਕੁਦਰਤੀ ਖੇਤੀ ਲਈ ਉਤਸ਼ਾਹਤ ਕਰਨਾ ਮਿਥਿਆ ਗਿਆ ਹੈ, ਪਰ ਕਿਸਾਨਾਂ ਦੇ ਭਲੇ ਵਾਲੀਆਂ ਅਤੇ ਉਹਨਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦਿੱਤਾ ਗਿਆ। ਡਾ: ਸਵਾਮੀਨਾਥਨ ਦੀ ਰਿਪੋਰਟ ਬਾਰੇ ਚੁੱਪੀ ਰੜਕਦੀ ਹੈ ਤੇ ਖੇਤੀ ਬਜਟ 'ਤੇ ਕਿਸਾਨ ਆਗੂ ਰਾਕੇਸ਼ ਟਿਕੈਤ ਦੇ ਸ਼ਬਦਾਂ 'ਚ ਬਜਟ ਨਾਲ ਕਿਸਾਨਾਂ ਨੂੰ ਖੇਤੀ ਦਾ ਸਮਾਜ ਵੇਚਣ ਵਾਲਿਆਂ ਨੂੰ ਫਾਇਦਾ ਹੋਵੇਗਾ, ਅਸਲ ਸੱਚਾਈ ਪ੍ਰਗਟ ਕਰਦਾ ਹੈ।

ਦੇਸ਼ ਦੀ ਆਬਾਦੀ 140 ਕਰੋੜ ਤੋਂ ਪਾਰ ਕਰ ਚੁੱਕੀ ਹੈ। ਖੇਡਾਂ 'ਚ ਦੇਸ਼ ਦੀਆਂ ਪ੍ਰਾਪਤੀਆਂ ਵੱਡੀਆਂ ਹੋਣੀਆਂ ਲੋੜੀਂਦੀਆਂ ਹਨ, ਪਰ ਇਸ ਵਰ੍ਹੇ ਖੇਡਾਂ ਦਾ ਬਜਟ 45 ਕਰੋੜ ਵਧਾਇਆ ਗਿਆ ਹੈ, ਜਦਕਿ ਉਲੰਪਿਕ ਸਿਰ ਉੱਤੇ ਹੈ ਅਤੇ ਖੇਡਾਂ 'ਚ ਦੇਸ਼ ਪਹਿਲਾਂ ਹੀ ਫਾਡੀ ਹੈ। ਐਡੀ ਵੱਡੀ ਆਬਾਦੀ ਦੇ ਖਿਡਾਰੀ ਮਸਾਂ ਦਰਜਨਾਂ ਭਰ ਮੈਡਲ ਲੈਣ 'ਚ ਕਾਮਯਾਬ ਰਹਿੰਦੇ ਹਨ।

ਲੋਕ ਸਭਾ ਵਿੱਚ ਮੌਜੂਦਾ ਸਰਕਾਰ ਦੇ ਹੱਕ ਵਿੱਚ ਚੰਗੇ ਨਤੀਜੇ ਨਹੀਂ ਆਏ ਸਨ, ਕਿਉਂਕਿ ਸਰਕਾਰ ਨੇ ਆਮ ਲੋਕਾਂ ਦੀ ਪਰਵਾਹ ਨਹੀਂ ਸੀ ਕੀਤੀ, ਨਿੱਜੀਕਰਨ ਕਰਦਿਆਂ ਕਾਰਪੋਰੇਟਾਂ ਨੂੰ ਵੱਧ ਫ਼ਾਇਦਾ ਦਿੱਤਾ ਸੀ। ਕਹਿਣ ਨੂੰ ਤਾਂ ਭਾਵੇਂ ਦੇਸ਼ ਨੂੰ ਵਿਕਸਤ ਬਣਾਉਣ ਲਈ ਬੁਨਿਆਦੀ ਢਾਂਚਾ ਸੁਧਾਰਨ ਦੀ ਗੱਲ ਸਰਕਾਰ ਕਰਦੀ ਰਹੀ ਹੈ, ਪਰ ਇਸ ਨਾਲ ਆਮ ਲੋਕਾਂ ਨੂੰ ਕੋਈ ਫ਼ਾਇਦਾ ਨਹੀਂ ਹੋਇਆ। ਅਮੀਰ-ਗਰੀਬ ਦਾ ਪਾੜਾ ਵਧਿਆ ਤੇ ਹੁਣ ਵੀ ਇਹੋ ਨੀਤੀ ਜਾਰੀ ਹੈ।

ਪੇਂਡੂ ਵਿਕਾਸ ਯੋਜਨਾਵਾਂ ਦੇ ਮਾਮਲੇ 'ਚ ਸਰਕਾਰੀ ਬਜਟ ਦੀ ਬੇਰੁਖ਼ੀ ਸਾਹਮਣੇ ਦਿਖਦੀ ਹੈ, ਭਾਵੇਂ ਕਿ ਕਿਹਾ ਗਿਆ ਹੈ ਕਿ ਸਰਕਾਰ ਵੱਡੀਆਂ 20 ਯੋਜਨਾਵਾਂ ਉੱਤੇ 10.76 ਲੱਖ ਕਰੋੜ ਖ਼ਰਚੇਗੀ, ਜਿਸ ਵਿੱਚ ਗਰੀਬ ਕਲਿਆਣ ਅੰਨ ਯੋਜਨਾ ਲਈ 2.05 ਲੱਖ ਕਰੋੜ ਰੱਖੇ ਗਏ ਹਨ, ਪਰ ਕੀ ਇਹ ਨੌਜਵਾਨਾਂ ਜਾਂ ਦੇਸ਼ ਦੇ ਆਮ ਆਦਮੀ ਦੀ ਜ਼ਿੰਦਗੀ ਦਾ ਪੱਧਰ ਉੱਚਾ ਕਰਨ ਯੋਗ ਹਨ? ਅਜ਼ਾਦੀ ਦੇ ਵੱਡੇ ਦਹਾਕੇ ਗੁਜ਼ਾਰਨ ਬਾਅਦ ਅੱਜ ਵੀ ਅਸੀਂ ਮੁੱਢਲੀਆਂ ਸਹੂਲਤਾਂ ਦੇਣ ਦੇ ਪੜਾਅ 'ਚ ਹੀ ਘੁੰਮ ਰਹੇ ਹਾਂ।

ਬਜਟ ਤੋਂ ਮੁਲਾਜ਼ਮ ਪ੍ਰੇਸ਼ਾਨ ਹੈ। ਮਜ਼ਦੂਰ, ਕਿਸਾਨ ਤਬਕੇ ਨੂੰ ਕੋਈ ਰਾਹਤ ਨਹੀਂ ਮਿਲੀ, ਕੋਈ ਉਮੀਦ ਵੀ ਨਹੀਂ ਜਾਗੀ। ਖੇਤੀ/ਕਿਸਾਨਾਂ ਲਈ ਬਜਟ 3.15ਫੀਸਦੀ ਹੈ, ਜਦਕਿ ਕਿਸਾਨ ਦੇਸ਼ ਦੀ ਅਬਾਦੀ ਦਾ 50ਫੀਸਦੀ ਹਿੱਸਾ ਹਨ। ਕੀ ਮੁੱਠੀਭਰ ਇਹੋ ਜਿਹਾ ਰੁਜ਼ਗਾਰ ਨੌਜਵਾਨਾਂ ਨੂੰ ਕੋਈ ਰਾਹਤ ਦੇ ਸਕੇਗਾ?

'ਸਬ ਕਾ ਸਾਥ, ਸਬ ਕਾ ਸਾਥ' ਨਿਭਾਉਣ ਦਾ ਵਾਇਦਾ ਕਰਨ ਵਾਲੀ ਸਰਕਾਰ ਵੱਲੋਂ ਫੌੜ੍ਹੀਆਂ ਵਾਲੀ ਮੋਦੀ ਸਰਕਾਰ ਨੇ ਆਪਣੀਆਂ ਫੌੜ੍ਹੀਆਂ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ ਹੈ। ਸਾਥ ਕਾ ਸਾਥ ਛੱਡ ਕੇ ਮੋਦੀ ਸਰਕਾਰ ਨੇ ਆਪਣੀ ਨਾਕਾਮੀ ਦਾ ਸਬੂਤ ਦਿੱਤਾ ਹੈ। ਔਰਤਾਂ, ਗਰੀਬਾਂ ਲਈ ਬਜਟ ਦੀ ਚੁੱਪੀ। ਖਾਦਾਂ 'ਤੇ ਸਬਸਿਡੀ 'ਚ ਕਟੌਤੀ ਬਦਲਾਖੋਰੀ ਵਾਲਾ ਚਿਹਰਾ ਦਿਖਾਉਂਦੀ ਨਜ਼ਰ ਆ ਰਹੀ ਹੈ।

ਮੋਦੀ ਸਰਕਾਰ ਆਪਣੇ ਬਜਟ ਨੂੰ ਰੁਜ਼ਗਾਰ ਮੁਖੀ ਹੋਣ ਦਾ ਦਾਅਵਾ ਕਰਦੀ ਹੈ। ਬਜਟ ਵਿਚ ਅਨੇਕਾਂ ਵਾਰ ਰੁਜ਼ਗਾਰ ਸ਼ਬਦ ਦਾ ਜ਼ਿਕਰ ਹੈ, ਪਰ ਇਹ ਸਿਰਫ਼ ਫੋਕਾ ਖਿਆਲ ਹੈ। ਸਰਕਾਰੀ ਨੌਕਰੀਆਂ ਤਾਂ ਪਹਿਲਾਂ ਹੀ ਗਾਇਬ ਹਨ। ਕੰਪਨੀਆਂ ਦਾ ਢਿੱਡ ਭਰਨ ਲਈ ਅਪ੍ਰੈਂਟਿਸ਼ਿਪ ਦੇ ਨਾਂਅ ਉੱਤੇ ਭਾਰੀ ਰਕਮਾਂ ਉਹਨਾਂ ਨੂੰ ਦੇ ਕੇ ਨੌਜਵਾਨਾਂ ਨੂੰ ਫੁਸਲਾਉਣ ਦਾ ਇਹ ਯਤਨ ਸਾਬਤ ਹੋਏਗਾ।

ਗੱਠਜੋੜ ਦੀਆਂ ਮਜਬੂਰੀਆਂ ਦੀ ਛਾਪ ਵਾਲਾ ਇਸ ਬਜਟ ਦੀ ਟੇਕ ਕਹਿਣ ਨੂੰ ਤਾਂ ਖੇਤੀਬਾੜੀ ਉੱਤੇ ਰੱਖੀ ਗਈ ਹੈ, ਪਰ ਇਸ ਵਾਸਤੇ ਵੱਡੀਆਂ ਚੁਣੌਤੀਆਂ ਸਰਕਾਰ ਸਾਹਮਣੇ ਰਹਿਣਗੀਆਂ।

ਆਮ ਤੌਰ 'ਤੇ ਬਜਟ ਨਵੀਂਆਂ ਸੇਧਾਂ ਦੀ ਪਟਾਰੀ ਹੁੰਦਾ ਹੈ। (ਦੇਸ਼ ਸਾਹਮਣੇ ਵੱਡੀ ਚੁਣੌਤੀ ਰੁਜ਼ਗਾਰ ਦੀ ਹੈ, ਨਾ-ਬਰਾਬਰੀ ਦੀ ਹੈ। ਨਾਗਰਿਕ ਦੀਆਂ ਮੁੱਖ ਸਮੱਸਿਆਵਾਂ ਬਜਟ ਦਾ ਕੇਂਦਰੀ ਧੁਰਾ ਹੋਣਾ ਹੁੰਦਾ ਹੈ, ਪਰ ਜਿਸ ਢੰਗ ਨਾਲ ਓਪਰੇ ਜਿਹੇ 18ਵੀਂ ਲੋਕ ਸਭਾ ਵਿਚ ਬਜਟ ਪੇਸ਼ ਕੀਤਾ ਗਿਆ, ਉਹ ਨਿਰਾਸ਼ਾਜਨਕ ਕਿਹਾ ਜਾ ਸਕਦਾ ਹੈ, ਕਿਉਂਕਿ ਇਹ ਦੇਸ਼ ਦੀਆਂ ਮੁੱਖ ਸਮੱਸਿਆਵਾਂ ਤੋਂ ਕਿਨਾਰਾ ਕਰਨ ਵਾਲਾ ਹੈ।

ਕੁਝ ਤੱਥ ਵੇਖੋ-ਪਰਖੋ; ਪੇਂਡੂ ਵਿਕਾਸ ਬਜਟ ਵਾਧਾ 3.93 ਫੀਸਦੀ ਹੀ ਹੈ। ਪੇਂਡੂ ਰੁਜ਼ਗਾਰ ਲਈ 8000 ਕਰੋੜ ਹਨ। ਵਿਕਾਸ ਅਤੇ ਖੋਜ ਖਰਚਿਆਂ ਲਈ ਵਾਧਾ 0.8 ਫੀਸਦੀ ਹੈ। ਕਾਰਪੋਰੇਟ ਟੈਕਸ 40ਫੀਸਦੀ ਤੋਂ 35ਫੀਸਦੀ ਕਰ ਦਿੱਤਾ ਗਿਆ ਹੈ। ਸਿਹਤ ਸੇਵਾਵਾਂ ਲਈ ਕੋਈ ਨਵਾਂ ਪ੍ਰਬੰਧ ਨਹੀਂ, ਸਿਹਤ ਬਜਟ ਵੀ ਘਟਿਆ ਹੈ।

ਪੂਰੀ ਘੋਖ ਉਪਰੰਤ ਇਹ ਬਜਟ ਪਿਛਲੇ ਬਜਟਾਂ ਵਾਂਗ ਸਿਰਫ਼ ਅੰਕੜਿਆਂ ਦੀ ਖੇਡ ਹੈ। ਭਾਵੇਂ ਤਰਜੀਹਾਂ ਦਾ ਵਿਖਿਆਨ ਬਜਟ ਵਿਚ ਹੈ, ਪਰ ਛਲਾਵਾ ਭਰਪੂਰ ਇਹ ਬਜਟ ਲੋਕਾਂ ਦੀਆਂ ਅੱਖਾਂ 'ਚ ਘੱਟਾ ਪਾਉਣ ਵਰਗਾ ਹੈ। ਇਹ ਇਸ ਤੱਥ ਤੋਂ ਸਾਬਤ ਹੁੰਦਾ ਹੈ ਕਿ ਜਿਹੜਾ ਵਿਸ਼ੇਸ਼ ਪੈਕੇਜ ਆਂਧਰਾ ਤੇ ਬਿਹਾਰ ਲਈ ਦਿੱਤਾ ਗਿਆ ਹੈ, ਉਹ ਵਿਦੇਸ਼ੀ ਏਜੰਸੀਆਂ ਦੇ ਕਰਜ਼ੇ ਦਿਵਾਉਣ ਤੱਕ ਸੀਮਤ ਹੈ।

# ਸੰਪਰਕ : 98158-02070

# ਅਤੀਤ ਨੂੰ ਸਮਝਦੇ ਤੇ ਵਰਤਮਾਨ ਨੂੰ ਸੰਭਾਲਦੇ ਹੋਏ ਭਵਿੱਖ ਵੱਲ ਵਧੀਏ

ਗਿਆਨ ਸੈਦਪੁਰੀ

ਕਾਮਰੇਡ ਆਰ ਐੱਸ ਯਾਦਵ ਵਿਦਵਾਨ ਵਿਅਕਤੀ ਹਨ। ਉਹ ਮੇਰਠ (ਯੂ ਪੀ) ਨਾਲ ਸੰਬੰਧਤ ਹਨ। ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਛਾਪੇ ਜਾਂਦੇ ਮੈਗਜ਼ੀਨ 'ਮੁਕਤੀ ਸੰਘਰਸ਼' ਦੇ ਉਹ ਸੰਪਾਦਕ ਰਹੇ ਹਨ। ਜੁਲਾਈ 2024 ਵਿੱਚ ਉਨ੍ਹਾਂ ਵੱਲੋਂ ਅੰਗਰੇਜ਼ੀ ਵਿੱਚ ਲਿਖੀ ਕਿਤਾਬ 'ਦਾ ਸਪਲਿਟ' (The split) ਛਪੀ ਹੈ। ਇਹ ਕਿਤਾਬ ਭਾਰਤੀ ਕਮਿਊਨਿਸਟ ਪਾਰਟੀ ਦੀ 1964 ਵਿੱਚ ਹੋਈ ਵੰਡ ਬਾਰੇ ਦਸਤਾਵੇਜ਼ੀ ਜਾਣਕਾਰੀ ਦਿੰਦੀ ਹੈ। ਕਿਤਾਬ ਵਿੱਚ ਵੰਡ ਦੇ ਕਾਰਨ ਅਤੇ ਇਸ ਨਾਲ ਕਮਿਊਨਿਸਟ ਅੰਦੋਲਨ ਦੇ ਹੋਏ ਨੁਕਸਾਨ ਬਾਰੇ ਵਿਸਥਾਰ ਨਾਲ ਦੱਸਿਆ ਗਿਆ ਹੈ।

ਕਿਤਾਬ ਦੀ ਭੂਮਿਕਾ ਵਿੱਚ ਲੇਖਕ ਨੇ ਹੁਣੇ ਜਿਹੇ ਹੋਈਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਕਮਿਊਨਿਸਟ ਧਿਰਾਂ ਦੀ ਪੁਜ਼ੀਸ਼ਨ, ਪਾਰਟੀ ਵੰਡ ਤੋਂ ਪਹਿਲਾਂ 1952, 1957 ਅਤੇ 1962 ਵਿੱਚ ਹੋਈਆਂ ਲੋਕ ਸਭਾਈ ਚੋਣਾਂ ਵਿੱਚ ਪ੍ਰਾਪਤ ਸੀਟਾਂ ਅਤੇ ਬਾਅਦ ਵਿੱਚ 'ਕੀ ਖੱਟਿਆ ਕੀ ਗਵਾਏ' ਦਾ ਵਰਣਨ ਕਰਦਿਆਂ ਕਮਿਊਨਿਸਟ ਪਾਰਟੀਆਂ ਦੀ ਏਕਤਾ ਨੂੰ ਅਣਸਰਦੀ ਦੀ ਜ਼ਰੂਰਤ ਦੱਸਿਆ ਹੈ।

ਕਿਤਾਬ ਦੀ ਪ੍ਰਸਤਾਵਨਾ ਲੇਖਕ ਇੰਜ ਸ਼ੁਰੂ ਕਰਦਾ ਹੈ, 'ਅਠਾਰਵੀਂ ਲੋਕ ਸਭਾ ਲਈ ਹੁਣੇ ਜਿਹੇ ਹੋਈਆਂ ਚੋਣਾਂ ਦੇ ਜਿਹੜੇ ਨਤੀਜੇ ਆਏ ਹਨ, ਉਹਨਾਂ ਵਿੱਚ ਸਿਰਫ ਅੱਠ ਹੀ ਕਮਿਊਨਿਸਟ ਜਿੱਤ ਸਕੇ ਹਨ'। ਇਹਨਾਂ ਚੋਣਾਂ ਵਿੱਚ ਸੀ ਪੀ ਆਈ (ਐੱਮ) ਚਾਰ, ਸੀ ਪੀ ਆਈ ਦੋ ਅਤੇ ਸੀ ਪੀ ਆਈ (ਐੱਮ.ਐੱਲ) ਲਿਬਰੇਸ਼ਨ ਨੇ ਦੋ ਸੀਟਾਂ ਜਿੱਤੀਆਂ ਹਨ। ਵੋਟ ਪ੍ਰਤੀਸ਼ਤਤਾ ਤਿੰਨ ਫੀਸਦੀ ਦੇ ਕਰੀਬ ਬਣਦੀ ਹੈ।' ਆਰ ਐੱਸ ਯਾਦਵ ਲਿਖਦੇ ਹਨ ਕਿ ਤੁਲਨਾ ਕਰਕੇ ਵੇਖੋ, ਉਹਨਾਂ ਵੇਲਿਆਂ ਨਾਲ, ਜਦੋਂ ਸੀ ਪੀ ਆਈ ਨੇ 1952 ਵਿੱਚ 16, 1957 ਦੀਆਂ ਚੋਣਾਂ ਵਿੱਚ 27 ਅਤੇ 1962 ਦੀਆਂ ਲੋਕ ਸਭਾਈ ਚੋਣਾਂ ਵਿੱਚ 29 ਸੀਟਾਂ ਅਤੇ 9.94 ਫੀਸਦੀ ਵੋਟਾਂ ਪ੍ਰਾਪਤ ਕੀਤੀਆਂ ਸਨ।



ਧਿਆਨ ਦੇਣ ਯੋਗ ਹੈ ਕਿ 1967 ਦੀਆਂ ਚੋਣਾਂ ਵਿੱਚ ਕਮਿਊਨਿਸਟਾਂ ਨੇ 42 ਸੀਟਾਂ ਜਿੱਤੀਆਂ ਸਨ। ਇਹਨਾਂ ਵਿੱਚ ਸੀ ਪੀ ਆਈ ਨੇ 23 ਅਤੇ ਸੀ ਪੀ ਆਈ (ਐੱਮ) ਨੇ 19 ਸੀਟਾਂ ਜਿੱਤੀਆਂ ਸਨ। 1971 ਦੀ ਪੰਜਵੀਂ ਲੋਕ ਸਭਾ ਚੋਣਾਂ ਵਿੱਚ ਕਮਿਊਨਿਸਟ ਪਾਰਟੀਆਂ ਨੇ 48 ਸੀਟਾਂ ਆਪਣੇ ਕਬਜ਼ੇ ਵਿੱਚ ਕੀਤੀਆਂ ਸਨ। ਇਕ ਸਰਵੇ ਅਨੁਸਾਰ ਚੌਥੀਆਂ ਅਤੇ ਪੰਜਵੀਆਂ ਲੋਕ ਸਭਾਈ ਚੋਣਾਂ ਵਿੱਚ ਸੀ ਪੀ ਆਈ ਅਤੇ ਸੀ ਪੀ ਆਈ (ਐੱਮ) ਨੇ 10 ਤੋਂ 15 ਸੀਟਾਂ ਗਵਾਈਆਂ। ਜੇ ਇਹ ਦੋਵੇਂ ਕਮਿਊਨਿਸਟ ਪਾਰਟੀਆਂ ਇਕੱਠੀਆਂ ਹੁੰਦੀਆਂ ਤਾਂ 1967 ਵਿੱਚ 60 ਅਤੇ 1971 ਵਿੱਚ 60 ਤੋਂ ਵੱਧ ਸੀਟਾਂ ਜਿੱਤ ਸਕਦੀਆਂ ਸਨ। ਇਸੇ ਤਰ੍ਹਾਂ ਵੱਖ-ਵੱਖ ਵਿਧਾਨ ਸਭਾਈ ਚੋਣਾਂ ਵਿੱਚ ਵੀ ਹੋਰ ਵਧੇਰੇ ਸੀਟਾਂ ਆ ਸਕਦੀਆਂ ਸਨ। ਆਰ ਐੱਸ ਯਾਦਵ ਲਿਖਦੇ ਹਨ ਕਿ ਇਹ ਵਰਤਾਰਾ ਦੇਸ਼ ਵਿੱਚ ਸਿਆਸਤ ਦਾ ਰਾਹ ਰਸਤਾ ਬਦਲ ਸਕਦਾ ਸੀ।

2004 ਵਿੱਚ ਹੋਈਆਂ ਚੋਣਾਂ ਵਿੱਚ ਦੋਵੇਂ ਪਾਰਟੀਆਂ ਨੇ 53 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਸੀ। ਸੀ ਪੀ ਆਈ (ਐੱਮ) ਨੇ 5.66 ਫੀਸਦੀ ਵੋਟਾਂ ਨਾਲ 43 ਸੀਟਾਂ ਅਤੇ ਸੀ ਪੀ ਆਈ ਨੇ 1.41 ਫੀਸਦੀ ਵੋਟਾਂ ਨਾਲ 10 ਸੀਟਾਂ ਜਿੱਤੀਆਂ ਸਨ। ਇਹ ਹੁਣ ਤੱਕ ਦੀ ਸੀਟਾਂ ਦੀ ਸਭ ਤੋਂ ਵੱਡੀ ਗਿਣਤੀ ਸੀ, ਪਰ ਵੋਟ ਫੀਸਦੀ ਫਿਰ ਵੀ ਉਦੋਂ ਨਾਲੋਂ ਘੱਟ ਸੀ, ਜਦੋਂ ਪਾਰਟੀ ਵੰਡ ਤੋਂ ਪਹਿਲਾਂ 1962 ਵਿੱਚ ਲੜੀਆਂ ਚੋਣਾਂ ਵਿੱਚ 9.94 ਫੀਸਦੀ ਵੋਟਾਂ ਹਾਸਿਲ ਕੀਤੀਆਂ ਸਨ।

2019 ਵਿੱਚ ਸੀ ਪੀ ਆਈ (ਐੱਮ) ਨੇ 1.75 ਫੀਸਦੀ ਵੋਟਾਂ ਨਾਲ ਤਿੰਨ ਅਤੇ ਸੀ ਪੀ ਆਈ ਨੇ 0.58 ਫੀਸਦੀ ਵੋਟਾਂ ਨਾਲ ਦੋ ਸੀਟਾਂ ਜਿੱਤੀਆਂ ਸਨ, ਜੋ ਦੇਸ਼ ਆਜ਼ਾਦ ਹੋਣ ਤੋਂ ਬਾਅਦ ਸਭ ਤੋਂ ਘੱਟ ਸਨ।

ਲੇਖਕ ਸਵਾਲ ਉਠਾਉਂਦਾ ਹੈ ਕਿ 2024 ਦੀਆਂ ਚੋਣਾਂ ਵਿੱਚ ਕਮਿਊਨਿਸਟ ਪਾਰਟੀਆਂ ਦਾ ਪ੍ਰਦਰਸ਼ਨ ਕੀ ਦਰਸਾਉਂਦਾ ਹੈ? ਇਹ ਭਾਰਤ ਵਿੱਚ ਕਮਿਊਨਿਸਟ ਲਹਿਰ ਦੀ ਵਿਆਪਕ ਕਮਜ਼ੋਰੀ ਨੂੰ ਪ੍ਰਤੀਬਿੰਬਤ ਕਰਦਾ ਹੈ। 1962 ਦੀਆਂ ਆਮ ਚੋਣਾਂ ਤੱਕ ਪਾਰਲੀਮਾਨੀ ਤਾਕਤ ਵਿੱਚ ਕਮਿਊਨਿਸਟ ਪਾਰਟੀ ਦੂਸਰੇ ਨੰਬਰ 'ਤੇ ਹੁੰਦੀ ਸੀ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਹਿਲੇ 'ਤੇ 1962 ਤੋਂ ਬਾਅਦ ਕਮਿਊਨਿਸਟਾਂ ਨੇ ਪਹਿਲਾਂ ਵਾਲੀ ਪੁਜ਼ੀਸ਼ਨ ਕਿਉਂ ਗਵਾਈ? ਜਵਾਬ ਸਪੱਸ਼ਟ ਹੈ। 1964 ਵਿੱਚ ਕਮਿਊਨਿਸਟ ਪਾਰਟੀ ਦੀ ਵੰਡ ਹੀ ਇਸ ਹਾਲ ਵਿੱਚ ਪਹੁੰਚਾਉਣ ਲਈ ਜ਼ਿੰਮੇਵਾਰ ਹੈ। ਬੇਸ਼ੱਕ ਪਾਰਟੀ ਵੰਡ ਨੂੰ 60 ਸਾਲ ਬੀਤ ਗਏ ਹਨ, ਪਰ ਕਮਿਊਨਿਸਟ ਲਹਿਰ ਨੂੰ ਵੰਡ ਨਾਲ ਲੱਗੇ ਜ਼ੋਰਦਾਰ ਝਟਕੇ ਤੋਂ ਅਜੇ ਤੱਕ ਉਭਰਿਆ ਨਹੀਂ ਜਾ ਸਕਿਆ। ਹੁਣ ਇਸ ਤੋਂ ਸਿਵਾਏ ਕੀ ਸੋਚਿਆ ਜਾ ਸਕਦਾ ਹੈ ਕਿ ਕਮਿਊਨਿਸਟਾਂ ਨੂੰ ਇੱਕਜੁੱਟ ਹੋਣ ਦੀ ਲੋੜ ਹੈ।

ਇੱਥੇ ਇੱਕ ਹੋਰ ਮਹੱਤਵਪੂਰਨ ਪਹਿਲੂ ਹੈ, ਜਿਸ ਨੂੰ ਸਮਝਣ ਦੀ ਲੋੜ ਹੈ। ਜਦੋਂ ਇੰਡੀਅਨ ਨੈਸ਼ਨਲ ਕਾਂਗਰਸ 1967 ਤੋਂ ਬਾਅਦ ਰਾਜ ਸੱਤਾ 'ਤੇ ਆਪਣਾ ਏਕਾਧਿਕਾਰ ਗਵਾ ਰਹੀ ਸੀ, ਤਦ ਜੇਕਰ ਕਮਿਊਨਿਸਟ ਲਹਿਰ ਨਾ ਵੰਡੀ ਗਈ ਹੁੰਦੀ ਤਾਂ ਕਮਿਊਨਿਸਟ ਕਾਂਗਰਸ ਵੱਲੋਂ ਖਾਲੀ ਕੀਤੀ ਜਾ ਰਹੀ ਸਿਆਸੀ ਥਾਂ ਮੱਲ ਸਕਦੇ ਸਨ। ਅਜਿਹੀ ਸਥਿਤੀ ਵਿੱਚ ਸੱਜ-ਪਿਛਾਖੜੀ ਤਾਕਤਾਂ ਨੂੰ ਤਾਕਤ ਹਾਸਿਲ ਕਰਨ ਤੋਂ ਰੋਕਿਆ ਜਾ ਸਕਦਾ ਸੀ।ਇਸ ਲਈ ਹੋਰ ਕਾਰਨਾਂ ਦੇ ਨਾਲ-ਨਾਲ ਕਮਿਊਨਿਸਟ ਲਹਿਰ ਦਾ ਕਮਜ਼ੋਰ ਹੋਣਾ ਵੀ ਪ੍ਰਤੀਕਿਰਿਆਵਾਦੀ ਤਾਕਤਾਂ ਦੇ ਉਭਾਰ ਲਈ ਜ਼ਿੰਮੇਵਾਰ ਸੀ। ਇਸ ਤੋਂ ਇਹ ਗੱਲ ਸੁਭਾਵਿਕ ਹੀ ਸਾਹਮਣੇ ਆਉਂਦੀ ਹੈ ਕਿ ਜੇਕਰ ਪ੍ਰਤੀਕਿਰਿਆਵਾਦੀ ਤਾਕਤਾਂ ਨੂੰ ਪਛਾੜਨਾ ਹੈ ਤਾਂ ਕਮਿਊਨਿਸਟ ਪਾਰਟੀਆਂ ਦੀ ਏਕਤਾ ਅਤੇ ਕਮਿਊਨਿਸਟ ਲਹਿਰ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ। ਪਾਰਟੀ ਵੰਡ ਨੂੰ 60 ਸਾਲ ਬੀਤ ਚੁੱਕੇ ਹਨ। ਪੁਰਾਣੇ ਮੱਤਭੇਦਾਂ ਅਤੇ ਝਗੜਿਆਂ ਵਿੱਚ ਫਸੇ ਨਹੀਂ ਰਹਿਣਾ ਚਾਹੀਦਾ। ਵੰਡ ਨਾਲ ਜੁੜੀ ਕੁੜੱਤਣ ਨੂੰ ਭੁਲਾਉਣ ਲਈ 60 ਸਾਲ ਦਾ ਸਮਾਂ ਕਾਫੀ ਹੈ। ਹੁਣ ਇਹਨਾਂ ਚੀਜ਼ਾਂ ਤੋਂ ਉੱਪਰ ਉੱਠਣ ਦਾ ਵੇਲਾ ਹੈ।

ਪ੍ਰਸਤਾਵਨਾ ਦੇ ਅਖੀਰ ਵਿੱਚ ਆਰ ਐੱਸ ਯਾਦਵ ਹੋਕਾ ਦਿੰਦੇ ਹਨ ਕਿ ਆਓ, ਅਤੀਤ ਨੂੰ ਸਮਝੀਏ, ਵਰਤਮਾਨ ਨੂੰ ਸੰਭਾਲੀਏ ਅਤੇ ਭਵਿੱਖ ਵੱਲ ਝਾਤ ਮਾਰੀਏ। ਅਸੀਂ ਕਮਿਊਨਿਸਟ ਲਹਿਰ ਨੂੰ ਮਜ਼ਬੂਤ ਕਰਨ ਲਈ ਇੱਕਜੁੱਟ ਹੋਈਏ ਤਾਂ ਜੋ ਸ਼ੈਤਾਨੀ ਤਾਕਤਾਂ ਨੂੰ ਹਰਾਇਆ ਜਾ ਸਕੇ। ਦਿੱਲੀ ਵਿਖੇ ਇੱਕ ਸਮਾਗਮ ਦੌਰਾਨ ਆਰ ਐੱਸ ਯਾਦਵ ਨੇ ਆਪਣੀ ਕਿਤਾਬ 'ਨਵਾਂ ਜ਼ਮਾਨਾ' ਨੂੰ ਭੇਟ ਕਰਦਿਆਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਸੀ।

#ਸੰਪਰਕ : 98725-40447

# ਖਾਕਸਾਰ ਅੰਦੋਲਨ ਦਾ ਬਾਨੀ-ਇਨਾਇਤ ਉਲ੍ਹਾ ਖਾਂ ਮਸ਼ਰਿਕੀ

ਨਰਭਿੰਦਰ

ਦੇਸ਼ ਦੀ ਵੰਡ ਨੇ ਬਰਤਾਨਵੀ ਹਕੂਮਤ ਵਿਰੁੱਧ ਚੱਲੀਆਂ ਲਹਿਰਾਂ ਦੇ ਇਤਿਹਾਸ ਨੂੰ ਗੁੰਮ ਕਰ ਦਿੱਤਾ। ਖੁਦ ਅਸੀਂ ਪੰਜਾਬ ਵਾਲੇ ਹੀ ਇਤਿਹਾਸ ਦੇ ਉਨ੍ਹਾਂ ਵਰਕਿਆਂ ਨੂੰ ਭੁੱਲ ਗਏ ਹਾਂ, ਜਿਨ੍ਹਾਂ ਨੂੰ ਪੜ੍ਹਨਾ ਅੱਜ ਵੀ ਜ਼ਰੂਰੀ ਹੈ। ਬੇਸ਼ੱਕ ਉਹ ਆਦਰਸ਼ਵਾਦੀ ਹੀ ਕਿਉਂ ਨਾ ਹੋਣ। ਅਜਿਹੇ ਪੰਨਿਆਂ ਵਿੱਚੋਂ ਇਕ ਹੈ ਖਾਕਸਾਰ ਅੰਦੋਲਨ ਅਤੇ ਉਹਦੇ ਆਗੂ ਇਨਾਇਤ ਉੱਲ੍ਹਾ ਖਾਂ ਮਸ਼ਰਿਕੀ ਜਿਹਨੂੰ ਉਲਾਮਾ ਮਸ਼ਰਿਕੀ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ, ਦਾ ਜਨਮ 25 ਅਗਸਤ 1888 ਨੂੰ ਅੰਮ੍ਰਿਤਸਰ ਵਿੱਚ ਹੋਇਆ ਸੀ। ਉਨ੍ਹਾਂ ਪੰਜਾਬ ਯੂਨੀਵਰਸਿਟੀ, ਕਰਾਈਟਸ ਕਾਲਜ, ਕੈਬਰੇਜ ਯੂਨੀਵਰਸਿਟੀ ਇੰਗਲੈਂਡ ਤੋਂ ਵਿੱਦਿਆ ਹਾਸਲ ਕੀਤੀ। ਉਹ ਉੱਚ ਪਾਏ ਦੇ ਗਣਿਤ ਮਾਹਰ, ਤਰਕਸ਼ਾਸਤਰੀ, ਰਾਜਨੀਤਕ ਸਿਧਾਂਤਕਾਰ, ਇਸਲਾਮੀ ਵਿਦਵਾਨ ਸਨ ਅਤੇ ਉਨ੍ਹਾਂ ਖਾਕਸਾਰ ਅੰਦੋਲਨ ਨੂੰ ਸ਼ੁਰੂ ਕੀਤਾ। 1930 ਵਿੱਚ ਉਨ੍ਹਾਂ ਵੱਲੋਂ ਚਲਾਏ ਖਾਕਸਾਰ ਅੰਦੋਲਨ ਦਾ ਮਕਸਦ ਸੀ ਸਾਂਝੀ ਹਿੰਦੂ-ਮੁਸਲਿਮ ਏਕਤਾ ਤੇ ਇਕਜੁੱਟਤਾ ਨਾਲ ਅੰਗਰੇਜ਼ਾਂ ਦੀ ਗੁਲਾਮੀ ਤੋਂ ਛੁਟਕਾਰਾ ਪਾਉਣਾ। ਉਨ੍ਹਾਂ ਦੇ ਇਨਕਲਾਬ ਦਾ ਇਕ ਆਪਣਾ ਮੁਹਾਂਦਰਾ ਸੀ। ਮਸ਼ਰਿਕੀ ਦੇ ਖਾਕਸਾਰ ਅੰਦੋਲਨ ਦਾ ਪਹਿਲਾ ਨਾਅਰਾ ਸੀ, "ਜਿਹੜੇ ਲੋਕ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਆਗੂ ਬਣਨ ਦੀ ਖਾਹਿਸ਼ ਰੱਖਦੇ ਹਨ, ਉਨ੍ਹਾਂ ਨੂੰ ਸਭ ਤੋਂ ਪਹਿਲਾਂ ਆਪਣੀ ਸਾਰੀ ਜਾਇਦਾਦ ਤਿਆਗ ਦੇਣੀ ਚਾਹੀਦੀ ਹੈ ਅਤੇ ਫੇਰ ਅਗਵਾਨੂੰ ਬਣਨ ਲਈ ਅੱਗੇ ਆਉਣਾ ਚਾਹੀਦਾ ਹੈ।" ਮਸ਼ਰਿਕੀ ਨੇ ਖੁਦ ਪਹਿਲ ਕੀਤੀ ਅਤੇ ਆਪਣੀ ਉੱਚ ਵਿਲਾਸਤਾ ਤੇ ਆਰਾਮ ਦੀ ਜ਼ਿੰਦਗੀ ਨੂੰ ਨਾ ਸਿਰਫ਼ ਤਿਆਗਿਆ, ਸਗੋਂ ਬੇਹੱਦ ਸਾਦਾ ਜ਼ਿੰਦਗੀ ਜਿਊਣ ਲੱਗੇ। ਉਨ੍ਹਾਂ ਦਾ ਕਹਿਣਾ ਸੀ ਕਿ ਜੇ ਦੇਸ਼ ਗੁਲਾਮੀ ਤੇ ਗਰੀਬੀ ਵਿੱਚ ਜਿਊ ਰਿਹਾ ਹੋਵੇ, ਤਾਂ ਨੇਤਾ ਨੂੰ ਐਸ਼-ਆਰਾਮ ਦੀ ਜ਼ਿੰਦਗੀ ਨਹੀਂ ਜਿਊਣੀ ਚਾਹੀਦੀ।

ਖਾਕਸਾਰ ਅੰਦੋਲਨ ਜਿਹੜਾ ਹਿੰਦੂ-ਮੁਸਲਿਮ ਏਕਤਾ ਦਾ ਮੁਦੱਈ ਸੀ, ਭਾਰਤ ਦੀ ਵੰਡ ਦਾ ਕੱਟੜ ਵਿਰੋਧੀ ਸੀ। ਉਸ ਲਈ ਆਜ਼ਾਦੀ ਸਾਰੇ ਲੋਕਾਂ ਲਈ ਦੇਸ਼ ਪੱਧਰ ਉਤੇ ਧਰਮਾਂ-ਜਾਤਾਂ ਤੋਂ ਉਪਰ ਉੱਠ ਕੇ ਸਭ ਦੀ ਭਲਾਈ ਵਾਲੀ ਵਿਵਸਥਾ ਸਿਰਜਣ ਦੀ ਸੀ। ਖਾਕਸਾਰ ਅੰਦੋਲਨ ਦੇ ਬਾਨੀ ਮਸ਼ਰਿਕੀ ਆਮ ਲੋਕਾਂ ਵਿੱਚ ਹਰਮਨ ਪਿਆਰੇ ਆਗੂ ਬਣ ਕੇ ਉੱਭਰ ਰਹੇ ਸਨ। ਉਹ ਕਈ ਸਾਲ ਬ੍ਰਿਟਿਸ਼ ਭਾਰਤ ਦੀਆਂ ਜੇਲ੍ਹਾਂ ਵਿੱਚ ਵੀ ਰਹੇ ਅਤੇ ਫਿਰ ਪਾਕਿਸਤਾਨ ਬਣਨ ਪਿੱਛੋਂ ਉਥੋਂ ਦੀਆਂ ਜੇਲ੍ਹਾਂ ਵਿੱਚ ਵੀ ਰਹੇ। ਕੈਂਬਰਿਜ ਯੂਨੀਵਰਸਿਟੀ ਵਿੱਚ ਪੜ੍ਹਦਿਆਂ ਉਨ੍ਹਾਂ ਚਾਰ ਅਲੱਗ-ਅਲੱਗ ਵਿਸ਼ਿਆਂ ਵਿੱਚ ਆਨਰਜ਼ ਸਨਮਾਨ ਹਾਸਲ ਕੀਤੇ। ਸ਼ਾਇਦ ਇਹ ਹਾਸਲ ਕਰਨ ਵਾਲੇ ਪਹਿਲੇ ਭਾਰਤੀ ਸਨ। 1914 ਵਿੱਚ ਮਸ਼ਰਿਕੀ ਨੂੰ ਕਨਵੋਕੇਸ਼ਨ ਵਿੱਚ ਸੋਨੇ ਦੇ ਤਗਮੇ ਨਾਲ ਗਣਿਤ, (ਮੈਥ) ਵਿੱਚ ਡੀ ਫਿਲ ਦੀ ਡਿਗਰੀ ਦਿੱਤੀ ਗਈ। 1934 ਵਿੱਚ, ਜਦੋਂ ਉਹ 36 ਸਾਲਾਂ ਦੇ ਸਨ ਤਾਂ ਉਨ੍ਹਾਂ ਆਪਣੀ ਚਰਚਿਤ ਕਿਤਾਬ-ਤਜ਼ਰਿਕਾ ਦੀ ਪਹਿਲੀ ਜਿਲਦ ਪੂਰੀ ਕੀਤੀ। ਇਹ ਵਿਗਿਆਨ ਦੇ ਪ੍ਰਕਾਸ਼ ਵਿੱਚ ਕੁਰਾਨ ਉਤੇ ਇਕ ਟਿੱਪਣੀ ਹੈ। ਉਰਦੂ ਵਿੱਚ ਲਿਖੀ ਇਸ ਕਿਤਾਬ ਨੂੰ 1925 ਵਿੱਚ ਨੋਬਲ ਕਮੇਟੀ ਪੁਰਸਕਾਰ ਲਈ ਚੁਣਿਆ, ਪਰ ਸ਼ਰਤ ਇਹ ਰੱਖੀ ਕਿ ਮਸ਼ਰਿਕੀ ਇਹਨੂੰ ਕਿਸੇ ਯੂਰਪੀ ਭਾਸ਼ਾ ਵਿੱਚ ਅਨੁਵਾਦ ਕਰਵਾਵੇ। ਮਸ਼ਰਿਕੀ ਨੇ ਇਹ ਸ਼ਰਤ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਇਹਦੇ ਜੁਆਬ 'ਚ ਕਿਹਾ ਸੀ, 'ਜੇ ਲੱਖਾਂ ਲੋਕਾਂ ਦੀ ਭਾਸ਼ਾ ਕਮੇਟੀ ਨੂੰ ਸਵੀਕਾਰ ਨਹੀਂ ਤਾਂ ਮੈਨੂੰ ਨੋਬਲ ਪੁਰਸਕਾਰ ਲੈਣ ਦੀ ਵੀ ਕੋਈ ਇੱਛਾ ਨਹੀਂ।'

ਅਲਾਮਾ ਮਸ਼ਰਿਕੀ ਇਕ ਅਲੱਗ ਕਿਸਮ ਦੇ ਵਿਚਾਰਵਾਨ ਸਨ। ਉਹ ਡਾਰਵਿਨ ਦੇ ਵਿਚਾਰਾਂ ਨੂੰ ਵੀ ਸਵੀਕਾਰ ਕਰਦੇ ਸਨ, ਤੇ ਧਰਮ ਦਾ ਗਿਆਨ ਰੱਖਣਾ ਵੀ ਜ਼ਰੂਰੀ ਸਮਝਦੇ ਸਨ। ਜਿਹਨੂੰ ਈਸ਼ਵਰਵਾਦੀ ਵਿਚਾਰਵਾਦੀ ਕਿਹਾ ਜਾ ਸਕਦਾ ਹੈ। ਉਨ੍ਹਾਂ ਦਾ ਮੱਤ ਸੀ ਕਿ ਧਰਮਾਂ ਦਾ ਗਿਆਨ, ਮਨੁੱਖ ਜਾਤੀ ਦੇ ਸਮੂਹਕ ਵਿਕਾਸ ਦਾ ਗਿਆਨ ਹੈ। ਸਾਰੇ ਪੈਗੰਬਰ ਮਨੁੱਖ ਜਾਤੀ ਨੂੰ ਇਕ ਕਰਨ ਆਏ ਸਨ। ਇਹਨੂੰ ਵੰਡਣ ਲਈ ਨਹੀਂ। ਸਾਰੇ ਧਰਮਾਂ ਦਾ ਮੂਲ ਨਿਯਮ ਸਮੁੱਚੀ ਮਨੁੱਖਤਾ ਨੂੰ ਇਕ ਲੜੀ 'ਚ ਪ੍ਰੋਣ ਦਾ ਨਿਯਮ ਹੈ।

ਖਾਕਸਾਰ ਅੰਦੋਲਨ ਉਨ੍ਹਾਂ ਆਪਣੇ ਲਾਹੌਰ ਦੇ ਨੇੜੇ ਇੱਕ ਇਦਰਾ ਪਿੰਡ ਤੋਂ ਸ਼ੁਰੂ ਕੀਤਾ। ਪਹਿਲਾਂ-ਪਹਿਲ ਇਸ ਦੇ 90 ਮੈਂਬਰ ਬਣੇ ਤੇ ਫਿਰ ਕੁਝ ਹਫ਼ਤਿਆਂ ਵਿੱਚ ਹੀ 300 ਤੱਕ ਗਿਣਤੀ ਪਹੁੰਚ ਗਈ। 1942 ਤੱਕ ਇਹਦੀ ਗਿਣਤੀ 40 ਲੱਖ ਮਿਲੀਅਨ ਤੱਕ ਪਹੁੰਚ ਗਈ। ਖਾਕਸਾਰ ਦਾ ਮਤਲਬ ਹੀ ਹੈ ਖਾਕ ਮਿੱਟੀ ਭਾਵ ਨਾਚੀਜ਼। ਧਰਤੀ 'ਚੋਂ ਪੈਦਾ ਹੋਇਆ। ਉਨ੍ਹਾਂ ਦਾ ਮਤ ਸੀ ਕਿ ਹਿੰਦੂ, ਮੁਸਲਮਾਨਾ ਨੂੰ ਇਕੱਠਿਆਂ ਹੋ ਕੇ ਬਰਤਾਨੀਆ ਰਾਜ ਖ਼ਤਮ ਕਰਨਾ ਪਵੇਗਾ। ਖਾਕਸਾਰ ਨੇ ਆਪਣੇ ਮੈਂਬਰਾਂ ਲਈ ਇੱਕ ਵਿਸ਼ੇਸ਼ ਕਿਸਮ ਦੀ ਵਰਦੀ ਵੀ ਤਹਿ ਕੀਤੀ, ਜਿਹੜੀ ਸੁਭਾਸ਼ ਚੰਦਰ ਬੋਸ ਦੇ ਸਿਪਾਹੀਆਂ ਵਰਗੀ ਸੀ। ਉਨ੍ਹਾਂ ਦੇ ਪੈਰੋਕਾਰਾਂ ਦੀ ਗਿਣਤੀ ਸੁਭਾਸ਼ ਦੀ ਫੌਜ ਨਾਲੋਂ ਵੱਡੀ ਸੀ, ਜਿਹੜੀ ਧਰਮ, ਜਾਤ, ਮਜ਼ਹਬ ਦੇ ਵਖਰੇਵਿਆਂ ਤੋਂ ਉਪਰ ਸੀ। ਉਨ੍ਹਾਂ ਇੱਕ ਅਖ਼ਬਾਰ 'ਅਲ ਇਸਲਾਹ' ਨਾਮੀ ਸਪਤਾਹਿਕ ਵੀ ਕੱਢਿਆ।

19 ਮਾਰਚ 1940 ਨੂੰ ਅਖਿਲ ਭਾਰਤੀ ਮੁਸਲਿਮ ਲੀਗ ਨੇ ਇਕ ਕਨਵੈਨਸ਼ਨ ਰੱਖੀ ਸੀ। ਇਸ ਤੋਂ ਦੋ ਦਿਨ ਪਹਿਲਾਂ ਖਾਕਸਾਰ ਅੰਦੋਲਨ ਦੇ ਆਗੂ ਆਗਾ ਜੈ ਰਾਮ ਸਮੇਤ 313 ਤੋਂ ਵੱਧ ਖਾਕਸਾਰ ਕਾਰਕੁੰਨਾਂ ਨੂੰ ਉਸ ਵੇਲੇ ਦੀ ਪੰਜਾਬ ਪੁਲਸ ਦੇ ਐੱਸ ਪੀ ਡੀ ਮੈਨੇਜਫੋਰਡ ਦੀ ਇਕ ਟੁਕੜੀ ਵੱਲੋਂ ਗੋਲੀਆਂ ਨਾਲ ਭੁੰਨ ਦਿੱਤਾ ਸੀ। ਜਲ੍ਹਿਆਂਵਾਲਾ ਬਾਗ ਕਾਂਡ (1919) ਤੋਂ ਪਿੱਛੋਂ ਵਾਪਰਿਆ ਇਹ ਦੂਸਰਾ ਕਤਲੇਆਮ ਸੀ, ਜਿਹੜਾ ਪੰਜਾਬ ਵਿੱਚ ਵਾਪਰਿਆ। ਇਸ ਦਰਦਨਾਕ ਹਾਦਸੇ ਸਮੇਂ ਖਾਕਸਾਰ ਪਾਰਟੀ ਦੇ ਇਹ ਕਾਰਕੁੰਨ ਆਪਣੀ ਵਰਦੀ ਵਿੱਚ ਡਰਿਲ ਕਰ ਰਹੇ ਸਨ। ਸ਼ਾਂਤੀਪੂਰਨ ਢੰਗ ਨਾਲ ਇਹਨੇ ਪੰਜਾਬ ਨੂੰ ਝੰਜੋੜ ਦਿੱਤਾ। ਪੰਜਾਬ ਦਾ ਮੁੱਖ ਮੰਤਰੀ ਸਰ ਸਿਕੰਦਰ ਹਯਾਤ ਖਾਂ ਸੀ। ਉਹਨੇ ਮੁਸਲਿਮ ਲੀਗ ਦੇ ਮੁਖੀ ਜਿਨਾਹ ਨੂੰ ਅਪੀਲ ਕੀਤੀ ਕਿ ਇਹ ਕਨਵੈਨਸ਼ਨ ਅੱਗੇ ਪਾ ਦਿੱਤੀ ਜਾਵੇ, ਪਰ ਜਿਨਾਹ ਨੇ ਬੇਨਤੀ ਪ੍ਰਵਾਨ ਨਹੀਂ ਕੀਤੀ। ਅਲਾਮਾ ਮਸ਼ਰੀਕੀ ਉਸ ਸਮੇਂ ਜੇਲ੍ਹ ਵਿੱਚ ਸਨ। ਦੋਹਾਂ ਦੇ ਵਿਚਾਰਾਂ ਵਿੱਚ ਬਹੁਤ ਭਿੰਨਤਾ ਸੀ। ਮਸ਼ਰਿਕੀ ਹਿੰਦੂ-ਮੁਸਲਮ ਇਨਕਲਾਬ ਦੇ ਹੱਕ ਵਿੱਚ ਸਨ ਤੇ ਜਿਨਾਹ ਦੇ ਸਿਰ ਪਾਕਿਸਤਾਨ ਦਾ ਭੂਤ ਸੁਆਰ ਸੀ।

ਖਾਕਸਾਰ ਦਾ ਉਦੇਸ਼ ਸੀ 'ਸੱਤਾ ਸਿਰਫ਼ ਵਿਸ਼ੇਸ਼ ਅਧਿਕਾਰ ਪ੍ਰਾਪਤ ਲੋਕਾਂ ਲਈ ਨਹੀਂ ਹੈ ਅਤੇ ਇਹਦੇ ਵਿੱਚ ਆਮ ਲੋਕਾਂ ਦੀ ਹਿੱਸੇਦਾਰੀ ਯਕੀਨੀ ਹੋਣੀ ਚਾਹੀਦੀ ਹੈ। ਇੱਕ ਵਾਰੀ ਮਸ਼ਰੀਕੀ ਨੂੰ ਅੰਗਰੇਜ਼ਾਂ ਨੇ ਸਰ ਦੀ ਉਪਾਧੀ (ਨਾਈਟਹੁੱਡ) ਨਾਲ ਸਨਮਾਨਤ ਕਰਨਾ ਚਾਹਿਆ ਤਾਂ ਉਹਨੇ ਇਨਕਾਰ ਕਰ ਦਿੱਤਾ। 1926 'ਚ ਜਦੋਂ ਮਸ਼ਰੀਕੀ ਯੂਰਪ ਵਿੱਚ ਗਿਆ ਸੀ ਤਾਂ ਉਸ ਕੋਲ ਰੇਲਾਲਟ ਕਾਰ ਸੀ। ਉਹਨੇ ਆਪਣੀ ਨਿੱਜੀ ਕਾਰ ਵਿੱਚ ਕਦੇ ਵੀ ਸਫ਼ਰ ਨਹੀਂ ਕੀਤਾ। ਉਹ ਕਾਰ ਉਤੇ ਸਵਾਰ ਹੋ ਕੇ ਲੋਕਾਂ 'ਚ ਨਹੀਂ ਗਏ। ਪੈਦਲ ਜਾਂਦੇ ਜੇ ਰੇਲ ਦਾ ਸਫ਼ਰ ਕਰਨਾ ਹੁੰਦਾ ਤਾਂ ਉਹ ਤੀਸਰੇ ਦਰਜੇ ਦੀ ਟਿਕਟ ਉਤੇ ਸਾਧਾਰਨ ਡੱਬੇ ਵਿੱਚ ਸਫ਼ਰ ਕਰਦੇ। ਖਾਕਸਾਰ ਦੀਆਂ ਮੀਟਿੰਗਾਂ ਵਿੱਚ ਉਹ ਤੰਬੂ ਵਿੱਚ ਧਰਤੀ ਉਤੇ ਬਿਸਤਰਾ ਲਾ ਕੇ ਸੌਂਦੇ। ਉਨ੍ਹਾਂ ਦੀ ਨਿੱਜੀ ਜ਼ਿੰਦਗੀ 'ਚ ਕੋਈ ਸਰਮਾਇਆ ਨਹੀਂ ਸੀ। ਆਪਣੇ ਘਰ ਦੀ ਸਫ਼ਾਈ ਵੀ ਖੁਦ ਆਪ ਹੀ ਕਰਦੇ। ਘਰ ਵਿੱਚ ਸਾਦਾ ਫਰਨੀਚਰ ਸੀ, ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹੇ। ਜਿਨਾਹ ਜਾਂ ਉਸ ਵੇਲੇ ਦੇ ਹੋਰ ਭਾਰਤੀ ਦੇਸ਼ਭਗਤ ਆਗੂਆਂ ਵਿੱਚੋਂ ਕੋਈ ਹੋਵੇਗਾ ਜਿਹੜਾ ਲੱਖਾਂ ਪੈਰੋਕਾਰਾਂ ਦੇ ਹੁੰਦਿਆਂ ਏਨਾ ਸਾਦਾ ਜੀਵਨ ਬਤੀਤ ਕਰ ਰਿਹਾ ਹੋਵੇ। ਉਹ ਆਪਣੇ ਖਾਕਸਾਰ ਦੇ ਸਿਪਾਹੀਆਂ ਨੂੰ ਅਨੁਸਾਸ਼ਨ, ਸਾਦਗੀ ਤੇ ਈਮਾਨਦਾਰੀ 'ਤੇ ਪਹਿਰਾ ਦੇਣਾ ਸਿਖਾਉਂਦੇ। ਖਾਕਸਰ ਅੰਦੋਲਨ ਵਿੱਚ ਗੈਰ ਮੁਸਲਮਾਨਾਂ ਨੂੰ ਵੀ ਬਰਾਬਰ ਦਾ ਸਨਮਾਨ ਮਿਲਦਾ। ਉਨ੍ਹਾਂ ਆਪਣੇ ਕਿਸੇ ਚਹੇਤੇ ਰਿਸ਼ਤੇਦਾਰ ਜਾਂ ਨੇੜਲੇ ਮਿੱਤਰ ਨੂੰ ਖਾਕਸਾਰ ਦੀ ਅਹੁਦੇਦਾਰੀ ਨਹੀਂ ਦਿੱਤੀ। ਉਨ੍ਹਾਂ ਆਪਣੀ ਜਾਇਦਾਤ ਦਾ ਟਰੱਸਟ ਬਣਾਇਆ ਅਤੇ ਇਸ ਦੀ ਆਮਦਨ ਵਿੱਚ, ਲੋੜਵੰਦ ਗਰੀਬ ਪਰਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਵਜ਼ੀਫ਼ੇ ਦਿੱਤੇ। ਇੱਥੋਂ ਤੱਕ ਕਿ ਜਦੋਂ ਉਹ ਬਿਮਾਰ ਸਨ ਤਾਂ ਉਸ ਸਮੇਂ ਦੇ ਪਾਕਿਸਤਾਨੀ ਰਾਸ਼ਟਰਪਤੀ ਅਯੂਬ ਖਾਂ ਨੇ ਸਰਕਾਰੀ ਖਜ਼ਾਨੇ 'ਚੋਂ ਕੁਝ ਰਾਸ਼ੀ ਇਲਾਜ ਲਈ ਭੇਜਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਇਹ ਵਾਪਸ ਕਰ ਦਿੱਤੀ ਤੇ ਕਿਹਾ, 'ਇਹ ਪੈਸਾ ਲੋਕਾਂ ਦਾ ਹੈ, ਨਿੱਜੀ ਲਾਭ ਲਈ ਨਹੀਂ ਵਰਤਿਆ ਜਾਣਾ ਚਾਹੀਦਾ, ਇਹ ਲੋਕ ਭਲਾਈ ਉਤੇ ਲਾਇਆ ਜਾਣਾ ਚਾਹੀਦਾ ਹੈ।' ਅਮਰੀਕਾ ਨੇ 1950 ਵਿੱਚ ਉਨ੍ਹਾਂ ਨੂੰ ਉਨ੍ਹਾਂ ਦੇ ਗਣਿਤ ਵਿੱਚ ਪਾਏ ਯੋਗਦਾਨ ਲਈ ਉਸ ਸਮੇਂ ਡੇਢ ਲੱਖ ਰੁਪਏ ਦੀ ਰਾਸ਼ੀ ਸਨਮਾਨ ਵਜੋਂ ਹਰ ਸਾਲ ਦੇਣ ਦੀ ਪੇਸ਼ਕਸ਼ ਕੀਤੀ, ਪਰ ਅਲਾਮਾ ਮਸ਼ਰੀਕੀ ਨੇ ਇਸ ਪੇਸ਼ਕਸ਼ ਨੂੰ ਵੀ ਰੱਦ ਕਰ ਦਿੱਤਾ।

1939 ਵਿੱਚ ਉਨ੍ਹਾ ਦੀ ਖਾਕਸਾਰ ਪਾਰਟੀ ਦਾ ਕੈਂਪ ਕਰੋਲ ਬਾਗ ਵਿੱਚ ਲੱਗਾ, ਜਿੱਥੇ ਮੁਹੰਮਦ ਅਲੀ ਜਿਨਾਹ ਅਤੇ ਸਰ ਜਿਆਉਦੀਨ ਅਹਿਮਦ, ਲਿਆਕਤ ਅਲੀ ਮਸ਼ਰੀਕੀ ਨਾਲ ਵਿਚਾਰ-ਚਰਚਾ ਕਰਨ ਆਏ। ਜਿਨਾਹ ਨੇ ਉਨ੍ਹਾਂ ਨੂੰ ਸਿਰਗਟ ਪੇਸ਼ ਕੀਤੀ, ਉਨ੍ਹਾਂ ਨੇ ਲਈ ਅਤੇ ਨਾਲ ਹੀ ਜੇਬ ਵਿੱਚੋਂ ਬਣਦੀ ਕੀਮਤ ਵੀ ਦੇ ਦਿੱਤੀ। ਜਿਨਾਹ ਦੇ ਇਨਕਾਰ ਕਰਨ ਉਤੇ ਉਨ੍ਹਾ ਕਿਹਾ, 'ਖਾਕਸਰ ਦੇ ਸਿਧਾਂਤਾਂ ਦੇ ਮਾਮਲੇ ਵਿੱਚ ਹੈਰਾਨ ਹੋਣ ਵਾਲੀ ਗੱਲ ਨਹੀਂ।' ਇਵੇਂ ਹੀ 1937 ਵਿੱਚ ਉਹ ਇਕ ਵਾਰੀ ਜੀ ਐੱਮ ਸੈੱਯਦ, ਜੋ ਖਾਕਸਾਰ ਅੰਦੋਲਨ ਵਿੱਚ ਸ਼ਾਮਲ ਹੋਏ ਸਨ, ਨੇ ਘਰ ਰਹਿਣ ਦੀ ਬੇਨਤੀ ਕੀਤੀ। ਮਸ਼ੀਰੀਕੀ ਉਹਦੇ ਘਰ ਰੁਕੇ ਤੇ ਵਾਪਸੀ ਸਮੇਂ ਖਾਣੇ ਦੇ ਪੈਸੇ ਅਦਾ ਕੀਤੇ। ਉਹ ਆਗੂ ਤੇ ਕੇਡਰ ਵਿੱਚ ਅਸਮਾਨਤਾ ਨਹੀਂ ਸਨ ਚਾਹੁੰਦੇ। ਉਨ੍ਹਾ ਦੇ ਘਰੇ ਜੇ ਕੋਈ ਨਾਈਡਹੁੱਡ (ਸਰ ਦੇ ਖਿਤਾਬ) ਦੇ ਸਨਮਾਨ ਵਾਲਾ ਜਾਂ ਉਚ ਲੀਡਰ ਆਇਆ ਤਾਂ ਜੋ ਵਿਹਾਰ ਉਹ ਆਪ ਖਾਕਸਾਰ ਪਾਰਟੀ ਦੇ ਕੇਡਰ ਨਾਲ ਕਰਦੇ ਸਨ, ਉਹੋ ਹੀ ਕੀਤਾ। ਇੱਕ ਖਾਕਸਾਰ ਆਗੂ ਸ਼ੇਰ ਜਮਾਨ ਨੇ ਆਪਣੀ ਕਿਤਾਬ ਵਿੱਚ ਲਿਖਿਆ ਕਿ ਇਕ ਵਾਰੀ ਇੰਗਲੈਂਡ ਦੇ ਲਾਰਡ ਬੋਨਰ ਆਪਣੀ ਪਤਨੀ ਸਮੇਤ ਮਸ਼ਰੀਕੀ ਨੂੰ ਮਿਲਣ ਆਏ। ਉਨ੍ਹਾਂ ਸਾਦੇ ਕੱਪਾਂ ਵਿੱਚ ਚਾਹ ਪਰੋਸੀ, ਜਿਹੜੇ ਉਹ ਨਿਤ ਪ੍ਰਤੀ ਘਰ ਵਿੱਚ ਵਰਤਦੇ ਸਨ। ਉਨ੍ਹਾਂ ਆਪਣੀਆਂ ਧੀਆਂ ਦੇ ਵਿਆਹ ਵੀ ਬਹੁਤ ਸਾਦੇ ਢੰਗ ਨਾਲ ਕੀਤੇ। ਉਨ੍ਹਾਂ ਆਪਣੀਆਂ ਧੀਆਂ ਨੂੰ ਚੰਗੀ ਵਿਦਿਆ ਤੇ ਸੰਸਕਾਰ ਦਿੱਤੇ ਅਤੇ ਤੜਕ-ਭੜਕ ਵਾਲੀ ਜ਼ਿੰਦਗੀ ਤੋਂ ਦੂਰ ਰਹਿਣ ਦੀ ਸਿੱਖਿਆ ਦਿੱਤੀ।

ਜਦੋਂ ਉਹ ਵੈਲੂਰ (ਭਾਰਤ) ਦੀ ਜੇਲ੍ਹ ਵਿੱਚ ਬੰਦ ਸਨ ਤਾਂ ਉਨ੍ਹਾ ਉਤੇ ਦਬਾਅ ਪਿਆ ਕਿ ਜਾਂ ਤਾਂ ਖਾਕਸਰ ਅੰਦੋਲਨ ਖ਼ਤਮ ਕਰੋ ਜਾਂ ਜੇਲ੍ਹ ਵਿੱਚ ਹੀ ਮਰਨ ਲਈ ਤਿਆਰ ਰਹੋ। ਉਨ੍ਹਾਂ ਖਾਕਸਾਰ ਅੰਦੋਲਨ ਖ਼ਤਮ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਤੇ ਜੇਲ੍ਹ ਨੂੰ ਚੁਣਿਆ।

ਉਨ੍ਹਾ 1942-43 ਵਿੱਚ ਹੀ ਕਹਿ ਦਿੱਤਾ ਸੀ ਕਿ ਧਾਰਮਿਕ ਆਧਾਰ ਉਤੇ ਦੇਸ਼ ਦੀ ਵੰਡ ਸਰਹੱਦ ਦੇ ਦੋਹੀਂ ਪਾਸੀਂ ਕੱਟੜਵਾਦ ਅਤੇ ਅੱਤਵਾਦ ਨੂੰ ਜਨਮ ਦੇਵੇਗੀ। ਮਸ਼ਰੀਕੀ ਕਹਿੰਦੇ ਸਨ, 'ਮੁਸਲਿਮ ਬਹੁ-ਗਿਣਤੀ ਵਾਲੇ ਖੇਤਰ ਪਹਿਲਾਂ ਤੋਂ ਹੀ ਮੁਸਲਿਮ ਹਕੂਮਤ ਦੇ ਅਧੀਨ ਰਹੇ ਹਨ, ਇਸ ਲਈ ਜੇ ਕੋਈ ਮੁਸਲਮਾਨ ਉਥੇ ਜਾਣਾ ਚਾਹੁੰਦਾ ਹੈ ਤਾਂ ਜਾ ਸਕਦਾ ਹੈ। ਇਹਦੇ ਲਈ ਦੇਸ਼ ਨੂੰ ਵੰਡਣ ਦੀ ਕੀ ਲੋੜ ਹੈ। ਅਸੀਂ ਕਿਥੇ ਵਸਣਾ ਹੈ ਇਹ ਸਾਡੀ ਨਿੱਜੀ ਆਜ਼ਾਦੀ ਦਾ ਮਾਮਲਾ ਹੈ, ਇਹਦੇ ਲਈ ਦੇਸ਼ ਦੀ ਵੰਡ ਗਲਤ ਹੈ।'

(● ਬਾਕੀ ਸਫ਼ਾ 8 'ਤੇ)

27-JULY-PAGE-11.qxd 7/26/2024 11:06 PM Page 1



# ਰਿਆੜਕੀ ਕਾਲਜ ਤੁਗਲਵਾਲਾ ਦੇ ਵਿਦਿਆਰਥੀਆਂ ਕਾਰਗਿਲ ਵਿਜੈ ਦਿਵਸ 'ਤੇ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜਲੀ



ਧਾਰੀਵਾਲ, 26 ਜੁਲਾਈ (ਮਨਦੀਪ ਸਿੰਘ ਵਿੱਕੀ)- ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਦੇ ਵਿਦਿਆਰਥੀਆਂ ਵੱਲੋਂ 'ਕਾਰਗਿਲ ਵਿਜੈ ਦਿਵਸ' ਬੜੀ ਸ਼ਰਧਾ ਭਾਵਨਾ ਤੇ ਸ਼ਿੱਦਤ ਨਾਲ ਮਨਾਇਆ ਗਿਆ। ਇਸ ਮੌਕੇ ਕਾਲਜ ਵੱਲੋਂ 25 ਸਾਲ ਪਹਿਲਾਂ ਕਾਰਗਿਲ ਦੀ ਲੜਾਈ 'ਚ ਜ਼ਿਲ੍ਹਾ ਗੁਰਦਾਸਪੁਰ ਦੇ ਸ਼ਹੀਦ ਹੋਏ ਸੱਤ ਜਵਾਨਾਂ (ਦਲਬੀਰ ਸਿੰਘ, ਸਤਵੰਤ ਸਿੰਘ ਸਲਾਹਪੁਰ, ਹਰਬੰਸ ਮੱਲ ਝਰੋਲੀ, ਨਿਰਮਲ ਸਿੰਘ ਛੀਨਾਬਾਦ, ਕੁਲਬੀਰ ਸਿੰਘ ਆਲਮਾ, ਮੇਜਰ ਸਿੰਘ ਭੱਟੀਆਂ ਮੁਕੇਸ਼ ਕੁਮਾਰ ਫਤਿਹ ਨੰਗਲ, ਧਾਰੀਵਾਲ) ਦਾ ਜ਼ਿਕਰ ਹੋਇਆ। ਉਪਰੰਤ 'ਕਾਰਗਿਲ ਸ਼ਹੀਦ ਯਾਦਗਾਰ ਵਣ ਪਾਰਕ' ਵਿੱਚ ਕਾਲਜ ਪ੍ਰਿੰ. ਸਵਰਨ ਸਿੰਘ ਵਿਰਕ, ਗਗਨਦੀਪ ਸਿੰਘ ਵਿਰਕ, ਹੈੱਡਮਾਸਟਰ ਕੁਲਦੀਪ ਸਿੰਘ, ਮਨਜਿੰਦਰ ਸਿੰਘ ਸਾਬੀ, ਮੰਗਲ ਸਿੰਘ, ਬਲਵਿੰਦਰ ਸਿੰਘ ਤੁਗਲਵਾਲ, ਹੈੱਡਮਾਸਟਰ ਹਰਵਿੰਦਰ ਸਿੰਘ, ਸਮੂਹ ਸੰਸਥਾ ਦੇ ਵਿਦਿਆਰਥੀ ਅਤੇ ਸਰਕਾਰੀ ਹਾਈ ਸਕੂਲ ਤੁਗਲਵਾਲ ਦੇ ਵਿਦਿਆਰਥੀਆਂ ਨੇ ਕਾਰਗਿਲ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਸੰਸਥਾ ਦੇ ਵੱਖ-ਵੱਖ ਵਿੰਗਾਂ ਦੇ ਵਿਦਿਆਰਥੀਆਂ ਵੱਲੋਂ ਸ਼ਹੀਦਾਂ ਨੂੰ ਸਮਰਪਿਤ ਲੈਕਚਰ, ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਇਸ ਦੌਰਾਨ ਨਵਜੋਤ ਕੌਰ ਲੀਲ ਕਲਾ ਨੇ ਆਪਣੇ ਲੈਕਚਰ ਰਾਹੀਂ ਵਿਦਿਆਰਥੀਆਂ ਨੂੰ ਦੱਸਿਆ ਕਿ ਜ਼ਜ਼ਬਾ, ਬਹਾਦਰੀ, ਇਨਕਲਾਬੀ ਸੋਚ, ਕਿਸੇ ਲਈ ਮਰਨ ਦਾ ਹੌਸਲਾ ਜਾਂ ਬੁਲੰਦ ਹੌਸਲੇ ਹਰੇਕ ਦੇ ਵੱਸ ਦੀ ਗੱਲ ਨਹੀਂ ਹੁੰਦੀ। ਇਹ ਹੌਸਲੇ ਮੁੱਲ ਨਹੀਂ ਵਿਕਦੇ ਤੇ ਨਾ ਹੀ ਕਦੇ ਖਰੀਦੇ ਜਾਂਦੇ ਹਨ। ਸੀਨੇ ਵਿੱਚ ਕੁੱਝ ਕਰ ਗੁਜ਼ਰਨ ਦੀ ਉਚਾਈ ਵਾਲੀ ਸੋਚ ਨਾਲ ਪਰਬਤਾਂ ਨੂੰ ਵੀ ਸਰ ਕੀਤਾ ਜਾ ਸਕਦਾ ਹੈ ਜਿਸ ਦੀ ਮਿਸਾਲ ਭਾਰਤ ਦੇ ਫੌਜੀ ਜਵਾਨਾਂ ਨੇ ਕਾਰਗਿਲ ਦੀ ਲੜਾਈ ਵਿੱਚ ਦਿੱਤੀ। ਨਵਪ੍ਰੀਤ ਕੌਰ ਨਿਮਾਣੇ ਦੀ ਕਵਿਤਾ 'ਕਾਰਗਿਲ ਦੇ ਜਵਾਨ ਮੇਰੇ, ਦੇਸ਼ ਦੀ ਹੈ ਸ਼ਾਨ ਮੇਰੇ' ਨੇ ਪਹਿਲਾ ਸਥਾਨ ਹਾਸਲ ਕੀਤਾ। ਸਿਮਰਨਜੀਤ ਕੌਰ ਪੰਡੋਰੀ ਨੇ ਆਪਣੀਆਂ ਸਾਥਣਾਂ ਸਮੇਤ 'ਮੈਂ ਵਤਨ ਦਾ ਸ਼ਹੀਦ ਹਾਂ, ਮੇਰੀ ਯਾਦ ਭੁਲਾ ਦੇਣੀ, ਮੇਰੇ ਖੂਨ ਦੀ ਇੱਕ ਪਿਆਲੀ ਕਿਸੇ ਪਿਆਸੇ ਨੂੰ ਪਿਆ ਦੇਣੀ' ਬੋਲ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ। ਅਖੀਰ ਸਾਰੇ ਵਿਦਿਆਰਥੀਆਂ ਨੇ 'ਦੇਹ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ' ਦਾ ਸਬਦ ਉਚਾਰਿਆ। ਇਸ ਮੌਕੇ ਪ੍ਰਬੰਧਕਾਂ ਵਲੋਂ ਹਰੇਕ ਵਿਦਿਆਰਥੀ ਨੂੰ ਵੇਰਕੇ ਦੀ ਠੰਡੀ ਮਿੱਠੀ ਲੱਸੀ ਵਰਤਾਈ/ਛਕਾਈ ਗਈ।

# ਵਾਤਾਵਰਣ ਦੀ ਸੰਭਾਲ ਲਈ ਲਗਾਏ ਬੂਟਿਆਂ ਦਾ ਉਜਾੜਾ ਰੋਕਿਆ ਜਾਵੇ: ਮੁੱਛਲ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਮੁੱਖ ਸੇਵਾਦਾਰ ਭਾਈ ਬਲਬੀਰ ਸਿੰਘ ਮੁੱਛਲ ਤੇ ਭਾਈ ਨਿਸ਼ਾਨ ਸਿੰਘ ਦੀ ਅਗਵਾਈ ਹੇਠ ਇੱਕ ਵਫਦ ਵੱਲੋਂ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਪੱਤਰ ਦੇ ਕੇ ਮੰਗ ਕੀਤੀ ਗਈ ਕਿ ਸਾਫ-ਸੁਥਰੇ ਵਾਤਾਵਰਣ ਦੀ ਬਹਾਲੀ ਲਈ ਸਰਕਾਰ ਵੱਲੋਂ ਸੜਕਾਂ ਤੇ ਕੱਸੀਆਂ ਦੇ ਕਿਨਾਰਿਆਂ 'ਤੇ ਬੂਟੇ ਲਗਾਉਣ ਦੀ ਮੁਹਿੰਮ ਵਿੱਢੀ ਗਈ ਹੈ ਜਿਸ ਨੂੰ ਬਰਬਾਦ ਕਰਨ ਲਈ ਸੜਕਾਂ ਦੇ ਕਿਨਾਰਿਆਂ ਤੇ ਬੱਕਰੀਆਂ ਤੇ ਹੋਰ ਡੰਗਰ ਚਾਰਦੇ ਲੋਕ ਉਜਾੜਨ ਵਿੱਚ ਲੱਗੇ ਹੋਏ ਹਨ ਕਿਉਂਕਿ ਇਹ ਡੰਗਰ ਬੂਟੇ ਖਾ ਜਾਂਦੇ ਹਨ ਤੇ ਲਗਾਉਣ ਵਾਲਿਆਂ ਦੀ ਮਿਹਨਤ ਜਾਇਆ ਚੱਲੇ ਜਾਂਦੀ ਜਿਨ੍ਹਾਂ ਨੂੰ ਡੰਗਰ ਚਾਰਨ ਤੋਂ ਰੋਕਿਆ ਜਾਣਾ ਚਾਹੀਦਾ ਹੈ। ਭਾਈ ਬਲਬੀਰ ਸਿੰਘ ਮੁੱਛਲ ਨੇ ਦੱਸਿਆ ਕਿ ਉਨ੍ਹਾਂ ਨੇ ਅਕਸਰ ਵੇਖਿਆ ਹੈ ਕਿ ਖਾਸ ਕਰਕੇ ਗੁੱਜਰ ਲੋਕ ਡੰਗਰ ਚਾਰਦੇ ਹਨ ਤੇ ਡੰਗਰ ਬੂਟੇ ਖਾ ਜਾਂਦੇ ਹਨ ਜਿਸ ਨਾਲ ਵਾਤਾਵਰਣ ਦੀ ਸੇਵਾ ਸੰਭਾਲ ਵਿੱਚ ਹੀ ਵਿਘਨ ਨਹੀਂ ਪੈਂਦਾ ਸਗੋਂ ਸਰਕਾਰ ਦੁਆਰਾ ਕੀਤਾ ਗਿਆ ਖਰਚਾ ਵੀ ਬੇਮਾਇਨਾ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸੜਕਾਂ ਕਿਨਾਰੇ ਨਜਾਇਜ਼ ਕਬਜ਼ਿਆਂ ਵੱਲ ਧਿਆਨ ਦਿੱਤਾ ਜਾਵੇ ਤੇ ਗੁੱਜਰਾਂ ਵੱਲੋਂ ਨਵੇਂ ਲੱਗੇ ਦਰੱਖਤਾਂ ਦਾ ਕੀਤਾ ਜਾਂਦਾ ਉਜਾੜਾ ਤੁਰੰਤ ਰੋਕਿਆ ਜਾਵੇ। ਇਸ ਸਮੇਂ ਉਨ੍ਹਾਂ ਦੇ ਨਾਲ ਸੁਖਦੇਵ ਸਿੰਘ, ਜਗਰੂਪ ਸਿੰਘ, ਦਰਸ਼ਨ ਸਿੰਘ, ਵੀਰ ਸਿੰਘ, ਗੁਰਵਿੰਦਰ ਸਿੰਘ ਤੇ ਕਰਨਦੀਪ ਸਿੰਘ ਵੀ ਸਨ।

# ਲੜਕੀ ਨੂੰ ਉਧਾਲਣ ਦੇ ਦੋਸ਼ ਹੇਠ ਦੋ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਤਿੱਬੜ ਪੁਲਸ ਨੇ ਲੜਕੀ ਨੂੰ ਉਧਾਲਣ ਦੇ ਦੋਸ਼ਾਂ ਹੇਠ ਇਕ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਲੜਕੀ ਦੇ ਪਿਤਾ ਨੇ ਦੱਸਿਆ ਕਿ ਮੇਰੀ ਲੜਕੀ ਬਾਲ ਭਵਨ ਗੁਰਦਾਸਪੁਰ ਵਿਖੇ ਬਿਊਟੀ ਪਾਰਲਰ ਦਾ ਕੋਰਸ ਕਰਦੀ ਹੈ ਅਤੇ 15 ਜੁਲਾਈ ਸਵੇਰੇ ਕਰੀਬ 10.30 ਬਾਲ ਭਵਨ ਗੁਰਦਾਸਪੁਰ ਵਿਖੇ ਗਈ ਸੀ ਪਰ ਘਰ ਵਾਪਸ ਨਹੀਂ ਆਈ। ਪੀੜਤ ਨੇ ਕਿਹਾ ਕਿ ਸਾਨੂੰ ਪੱਕਾ ਯਕੀਨ ਹੈ ਕਿ ਉਸ ਦੀ ਲੜਕੀ ਨੂੰ ਰਾਜਨ ਕਿਤੇ ਵਰਗਲਾ ਫੁਸਲਾ ਕੇ ਵਿਆਹ ਕਰਵਾਉਣ ਦੀ ਨੀਅਤ ਨਾਲ ਲੈ ਗਿਆ ਹੈ। ਥਾਣਾ ਤਿੱਬੜ ਪੁਲਸ ਨੇ ਕਥਿਤ ਦੋਸ਼ੀ ਖ਼ਿਲਾਫ਼ ਜ਼ੇਰੇ ਧਾਰਾ 137 ਅਤੇ 87 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਰਵਾਈ ਆਰੰਭ ਕਰ ਦਿੱਤੀ ਹੈ। ਇਸੇ ਤਰ੍ਹਾਂ ਥਾਣਾ ਦੀਨਾਨਗਰ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਲੜਕੀ ਦੀ ਮਾਤਾ ਨੇ ਦੱਸਿਆ ਕਿ 11 ਜੁਲਾਈ ਨੂੰ ਸਵੇਰੇ 7 ਵਜੇ ਦੇ ਕਰੀਬ ਮੇਰੀ ਲੜਕੀ ਘਰੇਲੂ ਸਾਮਾਨ ਲੈਣ ਲਈ ਦੁਕਾਨ 'ਤੇ ਗਈ ਸੀ ਪਰ ਘਰ ਵਾਪਸ ਨਹੀਂ ਆਈ ਜਿਸ ਦੀ ਕਾਫੀ ਭਾਲ ਕੀਤੀ ਗਈ ਜੋ ਕਿਤੇ ਨਹੀਂ ਮਿਲੀ। ਪੀੜਤ ਨੇ ਕਿਹਾ ਕਿ ਸਾਨੂੰ ਪੱਕਾ ਯਕੀਨ ਹੈ ਕਿ ਉਸ ਦੀ ਲੜਕੀ ਨੂੰ ਨਰੇਸ਼ ਕੁਮਾਰ ਸਾਡੀ ਲੜਕੀ ਨੂੰ ਵਿਆਹ ਕਰਵਾਉਣ ਦਾ ਝਾਂਸਾ ਦੇ ਕੇ ਲੈ ਗਿਆ ਹੈ। ਥਾਣਾ ਦੀਨਾਨਗਰ ਪੁਲਸ ਨੇ ਕਥਿਤ ਦੋਸ਼ੀ ਖ਼ਿਲਾਫ਼ ਜ਼ੇਰੇ ਧਾਰਾ 137 ਅਤੇ 87 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਰਵਾਈ ਆਰੰਭ ਕਰ ਦਿੱਤੀ ਹੈ।

# ਦਫਤਰ ਨਗਰ ਪੰਚਾਇਤ ਅਜਨਾਲਾ ਵਿਖੇ ਸਫਾਈ ਜਾਗਰੂਕਤਾ ਕੈਂਪ ਲਗਾਇਆ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਅਜਨਾਲਾ ਨਗਰ ਪੰਚਾਇਤ ਦੇ ਕਾਰਜ ਸਾਧਕ ਅਫਸਰ ਜਤਿੰਦਰ ਮਹਾਜਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਿਪਟੀ ਕਮਿਸ਼ਨਰ ਸ਼ਹਿਰੀ ਵਿਕਾਸ ਦੀਆਂ ਹਦਾਇਤਾਂ ਮੁਤਾਬਕ ਅਜਨਾਲਾ ਸ਼ਹਿਰ ਅੰਦਰ ਡੇਂਗੂ ਮਲੇਰੀਆ ਅਤੇ ਹੋਰ ਵਿਕਟੇਅਰ ਬਿਮਾਰੀਆਂ ਦੀ ਰੋਕਥਾਮ ਲਈ ਹੈਲਥ ਵਿਭਾਗ ਦੀ ਟੀਮ ਦੇ ਨਾਲ ਦਫਤਰ ਨਗਰ ਪੰਚਾਇਤ ਅਜਨਾਲਾ ਵਿਖੇ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਸ਼ਹਿਰ ਅੰਦਰ ਇਸ ਸਬੰਧੀ ਆ ਰਹੀਆਂ ਸ਼ਿਕਾਇਤਾਂ 'ਤੇ ਵਿਚਾਰ ਕੀਤੀ ਗਈ। ਸਫਾਈ ਸੇਵਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਡਾਇਰੀਆ ਤੇ ਡੇਂਗੂ ਦੇ ਸੰਬੰਧ ਜੇਕਰ ਕਿਸੇ ਨੂੰ ਲੱਛਣ ਹੁੰਦੇ ਹਨ ਤਾਂ ਸਰਕਾਰੀ ਹਸਪਤਾਲ ਵਿੱਚ ਆਪਣਾ ਇਲਾਜ ਮੁਫਤ ਕਰਵਾ ਸਕਦੇ ਹਨ। ਉੱਥੇ ਇਸ ਸਬੰਧੀ ਟੈਸਟ ਵੀ ਫਰੀ ਕੀਤੇ ਜਾਂਦੇ ਹਨ। ਇਸ ਦੇ ਨਾਲ ਹਰ ਸ਼ਹਿਰੀ ਆਪਣੇ ਘਰਾਂ ਅੰਦਰ ਪਾਣੀ ਜਮ੍ਹਾ ਹੋਣ ਵਾਲੀਆਂ ਥਾਵਾਂ ਜਿਵੇਂ ਕੂਲਰਾਂ, ਗਮਲਿਆਂ, ਪਾਣੀ ਵਾਲੇ ਡਰੰਮ, ਟੈਂਕੀਆਂ ਨੂੰ ਹਫਤੇ ਵਿੱਚ ਇੱਕ ਵਾਰ ਜ਼ਰੂਰ ਸਾਫ ਕਰਕੇ ਸੁੱਕਾ ਕਰ ਲੈਣ, ਜਿਸ ਦੇ ਨਾਲ ਘਰਾਂ ਅੰਦਰ ਮੱਛਰ ਪੈਦਾ ਨਹੀਂ ਹੋਵੇਗਾ। ਘਰਾਂ ਦੀਆਂ ਛੱਤਾਂ ਉੱਪਰ ਪਏ ਕਬਾੜ ਟਾਇਰ ਅਤੇ ਹੋਰ ਸਾਮਾਨ ਵਿੱਚ ਮੱਛਰ ਪੈਦਾ ਹੋਣ ਦੀ ਸੰਭਾਵਨਾ ਹੋਵੇ, ਉਸ ਨੂੰ ਹਟਾ ਦਿੱਤਾ ਜਾਵੇ ਕਿਉਂ ਜੋ ਡੇਂਗੂ ਅਤੇ ਚਿਕਨਗੁਨੀਆ ਮੱਛਰ ਥੋੜ੍ਹੇ ਅਤੇ ਸਾਫ ਪਾਣੀ ਵਿੱਚ ਪੈਦਾ ਹੁੰਦੇ ਹਨ ਉਨ੍ਹਾਂ ਤੋਂ ਬਚਿਆ ਜਾ ਸਕੇ। ਉਨ੍ਹਾਂ ਨੇ ਡਾਇਰੀਆ ਤੋਂ ਬਚਾ ਲਈ ਓਆਰਐੱਸ ਦੀ ਵਰਤੋਂ ਕਰਨ ਅਤੇ ਸਾਫ ਸਫਾਈ ਰੱਖਣ ਤੇ ਹੱਥਾਂ ਦੀ ਸਫਾਈ ਸਬੰਧੀ ਸ਼ਹਿਰ ਵਾਸੀਆਂ ਨੂੰ ਪ੍ਰੇਰਿਤ ਕੀਤਾ। ਇਸ ਕੈਂਪ ਵਿੱਚ ਡਾ. ਗੁਰਪ੍ਰਤਾਪ ਸਿੰਘ, ਦਵਿੰਦਰ ਕੁਮਾਰ, ਇੰਸਪੈਕਟਰ ਮਿਸ ਮਨਦੀਪ ਕੌਰ ਹਾਜ਼ਰ ਸਨ।

# ਬਾਬਾ ਘੋੜੇ ਸ਼ਾਹ ਦੇ ਮੇਲੇ 'ਤੇ ਈ ਟੀ ਓ ਪਰਿਵਾਰ ਵੱਲੋਂ ਨਿਸ਼ਾਨ ਸਾਹਿਬ ਦੀ ਸੇਵਾ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)- ਡੇਰਾ ਧੰਨ-ਧੰਨ ਪੀਰ ਬਾਬਾ ਘੋੜੇ ਸ਼ਾਹ ਦੇ ਮੇਲੇ 'ਤੇ ਗੱਦੀਨਸ਼ੀਨ ਬਾਬਾ ਹਰਪਾਲ ਸਿੰਘ ਅਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਦੇ ਮਾਤਾ ਸੁਰਿੰਦਰ ਕੌਰ ਤੇ ਭਰਾ ਸਤਿੰਦਰ ਸਿੰਘ ਤੇ ਸਾਰੇ ਪਰਵਾਰ ਸਮੇਤ ਤੇ ਆਮ ਆਦਮੀ ਪਾਰਟੀ ਦੀ ਸਮੁੱਚੀ ਟੀਮ ਨਾਲ ਨਤਮਸਤਕ ਹੋ ਕੇ ਚਾਦਰ ਚੜ੍ਹਾਉਣ ਦੀ ਰਸਮ ਅਤੇ ਨਿਸ਼ਾਨ ਸਾਹਿਬ ਦੀ ਰਸਮ ਦੀ ਸੇਵਾ ਅਦਾ ਕੀਤੀ।ਇਸ ਮੌਕੇ ਗੱਦੀਨਸ਼ੀਨ ਬਾਬਾ ਹਰਪਾਲ ਸਿੰਘ ਨੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਦੇ ਮਾਤਾ, ਭਰਾ ਸਤਿੰਦਰ ਸਿੰਘ ਤੇ ਆਮ ਆਦਮੀ ਪਾਰਟੀ ਦੀ ਸਮੁੱਚੀ ਟੀਮ ਨੂੰ ਸਿਰੋਪਾਓ ਸਾਹਿਬ ਤੇ ਵਿਸ਼ੇਸ਼ ਸਨਮਾਨ ਦਿੱਤਾ ਗਿਆ।ਇਸ ਮੌਕੇ ਮਾਤਾ ਸੁਰਿੰਦਰ ਕੌਰ ਨੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਤੇ ਮੈਡਮ ਸੁਰਿੰਦਰ ਕੌਰ ਵੱਲੋਂ ਸਾਰੇ ਸ਼ਹਿਰ ਵਾਸੀਆਂ ਤੇ ਇਲਾਕਾ ਵਾਸੀਆਂ ਨੂੰ ਮੇਲੇ ਦੀਆਂ ਬਹੁਤ ਬਹੁਤ ਵਧਾਈਆਂ ਦਿੱਤੀਆਂ।

# ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਖ਼ੂਨਦਾਨ ਕੈਂਪ ਅੱਜ

ਕਲਾਨੌਰ, (ਮਨਦੀਪ ਕੋਹਲੀ)-ਸਮਾਜ ਸੇਵਾ ਅਤੇ ਖ਼ੂਨਦਾਨ ਦੇ ਖੇਤਰ 'ਚ ਸੇਵਾਵਾਂ ਨਿਭਾ ਰਹੀਆਂ ਸਮਾਜਿਕ ਗਤੀਵਿਧੀਆਂ ਸੇਵਾ



ਸੁਸਾਇਟੀ ਕਲਾਨੌਰ ਤੇ ਬਲੱਡ ਡੋਨਰਜ਼ ਸੁਸਾਇਟੀ ਗੁਰਦਾਸਪੁਰ ਵਲੋਂ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਲਾਨੌਰ ਦੇ ਸਰਕਾਰੀ ਹਸਪਤਾਲ ਵਿੱਚ ਸ਼ਨੀਵਾਰ ਨੂੰ ਖ਼ੂਨਦਾਨ ਕੈਂਪ ਲਗਾਇਆ ਜਾਵੇਗਾ। ਸੁਸਾਇਟੀ ਦੇ ਨੁਮਾਇੰਦੇ ਕਾਕਾ ਮਹਾਂਦੇਵ, ਪ੍ਰਦੀਪ ਬਲਹੋਤਰਾ, ਰੋਹਿਤ ਵਰਮਾ ਨੇ ਦੱਸਿਆ ਕਿ ਸਵੇਰੇ 8 ਵਜੇ ਤੋਂ ਦੁਪਹਿਰ 2 ਵਜੇ ਤੱਕ ਲੱਗਣ ਵਾਲੇ ਇਸ ਕੈਂਪ 'ਚ ਬਲੱਡ ਬੈਂਕ ਬਟਾਲਾ ਦੀ ਟੀਮ ਪਹੁੰਚੇਗੀ। ਉਨ੍ਹਾਂ ਦੱਸਿਆ ਕਿ ਸੁਸਾਇਟੀ ਕੋਲ ਰੋਜ਼ਾਨਾ ਦਰਜਨਾਂ ਲੋੜਵੰਦ ਖ਼ੂਨ ਦੀ ਪੂਰਤੀ ਲਈ ਸੰਪਰਕ ਕਰ ਰਹੇ ਹਨ ਜਦਕਿ ਇਸ ਸਮੇਂ ਬਲੱਡ ਬੈਂਕਾਂ 'ਚ ਖ਼ੂਨ ਦੀ ਕਿੱਲਤ ਚੱਲ ਰਹੀ ਹੈ ਜਿਸ ਕਾਰਨ ਸੁਸਾਇਟੀ ਵਲੋਂ ਮੌਕੇ 'ਤੇ ਖ਼ੂਨਦਾਨ ਕਰਨ ਲਈ ਸੇਵਾਦਾਰਾਂ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਕਈ ਵਾਰ ਖ਼ੂਨਦਾਨ ਦੀ ਸੇਵਾ ਕਰਨ ਵਾਲਾ ਡੋਨਰ ਮੌਕੇ 'ਤੇ ਨਹੀਂ ਵੀ ਪਹੁੰਚ ਸਕਦਾ ਜਿਸ ਦੇ ਮੱਦੇਨਜ਼ਰ ਕਲਾਨੌਰ ਦੇ ਸਰਕਾਰੀ ਹਸਪਤਾਲ 'ਚ 27 ਜੁਲਾਈ ਦਿਨ ਸ਼ਨੀਵਾਰ ਨੂੰ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ।

# ਰੁੱਖ ਕੁਦਰਤ ਦਾ ਸੰਤੁਲਨ ਬਣਾਉਣ 'ਚ ਸਹਾਈ ਹੁੰਦੇ ਹਨ : ਡਾ. ਭੁਪਿੰਦਰ ਸਿੰਘ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਸੂਬਾ ਸਰਕਾਰ ਦੀ ਹਰਿਆਵਲ ਮੁਹਿੰਮ ਨੂੰ ਸਹਿਯੋਗ ਕਰਦਿਆਂ ਡਿਪਟੀ ਕਮਿਸ਼ਨਰ ਸੰਦੀਪ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਮੁੱਖ ਖੇਤੀਬਾੜੀ ਅਫਸਰ ਡਾ. ਹਰਪਾਲ ਸਿੰਘ ਪੰਨੂ ਦੀ ਦੇਖ-ਰੇਖ ਹੇਠ ਬਲਾਕ ਖੇਤੀਬਾੜੀ ਅਫਸਰ ਪੱਟੀ ਡਾ. ਭੁਪਿੰਦਰ ਸਿੰਘ ਦੀ ਅਗਵਾਈ ਹੇਠ ਪਿੰਡ ਲੌਹਕਾ ਵਿਖੇ ਪੌਦੇ ਵੰਡਣ ਉਪਰੰਤ ਕਿਸਾਨਾਂ ਨੂੰ ਤਕਨੀਕੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਡਾ. ਭੁਪਿੰਦਰ ਸਿੰਘ ਬਲਾਕ ਖੇਤੀਬਾੜੀ ਅਫਸਰ ਪੱਟੀ ਨੇ ਕਿਹਾ ਕਿ ਰੁੱਖ ਕੁਦਰਤ ਦਾ ਸੰਤੁਲਨ ਬਣਾ ਕੇ ਰੱਖਦੇ ਹਨ। ਜਿੱਥੇ ਇਹ ਮਿੱਟੀ ਘੱਟੇ ਅਤੇ ਜ਼ਹਿਰੀਲੀਆਂ ਗੈਸਾਂ ਦੇ ਪ੍ਰਦੂਸ਼ਣ ਨੂੰ ਆਪਣੇ ਵਿੱਚ ਸੋਖ ਕੇ ਸਾਫ ਹਵਾ ਦਿੰਦੇ ਹਨ ਉੱਥੇ ਮਨੁੱਖ ਅਤੇ ਦੂਜੇ ਜੀਵ ਜੰਤੂਆਂ ਨੂੰ ਛਾਂ, ਫਲ, ਇਮਾਰਤੀ ਲੱਕੜੀ ਆਦਿ ਨਿਆਮਤਾਂ ਨਾਲ ਨਿਵਾਜਦੇ ਹਨ। ਰੁੱਖ ਮੀਂਹ ਵਰਸਾਉਣ ਅਤੇ ਮੀਂਹ ਦੇ ਪਾਣੀ ਨੂੰ ਜ਼ਮੀਨ ਵਿੱਚ ਜਜ਼ਬ ਕਰਨ ਲਈ ਵੀ ਸਹਾਈ ਹੁੰਦੇ ਹਨ। ਇਸ ਲਈ ਸਭ ਨੂੰ ਰੁੱਖਾਂ ਦੀ ਗਿਣਤੀ ਵਧਾਉਣ ਲਈ ਹੰਭਲਾ ਮਾਰਨਾ ਚਾਹੀਦਾ ਹੈ। ਇਸ ਮੌਕੇ ਬੀ. ਟੀ. ਐੱਮ. ਗੁਰਪ੍ਰੀਤ ਸਿੰਘ ਨੇ ਕਿਸਾਨ ਸਨਮਾਨ ਨਿਧੀ ਯੋਜਨਾ, ਮੱਕੀ ਦੇ ਬੀਜ ਅਤੇ ਜਿਪਸਮ 'ਤੇ ਦਿੱਤੀ ਜਾ ਰਹੀ ਸਬਸਿਡੀ ਬਾਰੇ ਕਿਸਾਨਾਂ ਨੂੰ ਜਾਗਰੂਕ ਕੀਤਾ। ਇਸ ਮੌਕੇ ਗੁਰਦੇਵ ਸਿੰਘ, ਅਮਰਜੀਤ ਸਿੰਘ, ਦਿਲਬਾਗ ਸਿੰਘ, ਜੱਗੀ, ਗੁਰਦੇਵ ਸਿੰਘ ਸਹਾਇਕ ਤਕਨੀਕੀ ਪ੍ਰਬੰਧਕ ਅਤੇ ਹਾਜ਼ਰੀਨ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ।

# ਆਂਗਣਵਾੜੀ ਵਿਭਾਗ 'ਚ ਪੰਜੀਰੀ ਘਪਲੇ ਦੇ ਚਰਚੇ ਜ਼ੋਰਾਂ 'ਤੇ : ਸੁੱਚਾ ਸਿੰਘ ਅਜਨਾਲਾ



ਅੰਮ੍ਰਿਤਸਰ (ਜਗਦੀਸ਼ ਕਮਲੇਸ਼)-ਪਿਛਲੇ ਦਿਨੀਂ ਜੁਲਾਈ, ਅਗਸਤ, ਸਤੰਬਰ ਮਹੀਨੇ ਦੀ ਫੀਡ ਆਂਗਣਵਾੜੀ ਵਿਭਾਗ ਵੱਲੋਂ ਲਾਭਪਤਰੀਆਂ ਨੂੰ ਦੇਣ ਲਈ ਸੀਡੀਪੀਓ ਦਫਤਰ ਵਿੱਚ ਆਈ ਹੈ। ਇਹ ਫੀਡ ਦਾ ਮਾਰਕਫੈਡ ਵੱਲੋਂ ਚੰਡੀਗੜ੍ਹ ਸਵੀਟਸ ਪ੍ਰਾਈਵੇਟ ਲਿਮਟਿਡ ਕੰਪਨੀ ਨੂੰ ਠੇਕਾ ਦਿੱਤਾ ਹੈ।

ਇਸ ਕੰਪਨੀ ਨੇ ਪਹਿਲਾਂ ਵੀ ਵੇਰਕਾ ਮਿਲਕਫੈੱਡ ਤੋਂ ਠੇਕਾ ਲਿਆ ਸੀ ਪਰ ਮਠਿਆਈਆਂ ਵਿੱਚ ਮਿਲਾਵਟ ਹੋਣ ਕਰਕੇ ਵੇਰਕਾ ਮਿਲਕਫੈੱਡ ਨੇ ਠੇਕਾ ਰੱਦ ਕਰ ਦਿੱਤਾ ਸੀ ਪਰ ਅੱਜ ਫਿਰ ਬੱਚਿਆਂ ਨੂੰ ਤੇ ਗਰਭਵਤੀ ਇਸਤਰੀਆਂ ਅਤੇ ਲਾਭਪਾਤਰੀਆਂ ਨੂੰ ਫੀਡ ਦੇਣ ਦਾ ਠੇਕਾ ਮਾਰਕਫੈਡ ਵੱਲੋਂ ਚੰਡੀਗੜ੍ਹ ਸਵੀਟਸ ਪ੍ਰਾਈਵੇਟ ਲਿਮਟਿਡ ਨੂੰ ਦੇ ਦਿੱਤਾ ਗਿਆ ਹੈ। ਇਸ ਵਿੱਚ ਆਂਗਣਵਾੜੀ ਵਿਭਾਗ ਦੇ ਅਧਿਕਾਰੀਆਂ ਦੀ ਮਿਲੀਭੁਗਤ ਹੈ ਕਿਉਂਕਿ ਉਹ ਖਰਾਬ ਫੀਡ ਚੁਕਾਉਣ ਲਈ ਆਂਗਣਵਾੜੀ ਵਰਕਰਾਂ ਨੂੰ ਦਬਕੇ ਮਾਰ ਰਹੇ ਹਨ। ਸੀ. ਪੀ. ਆਈ. ਐੱਮ. ਦੀ ਜ਼ਿਲ੍ਹਾ ਕਮੇਟੀ ਨੇ ਪੜਤਾਲ ਦੀ ਮੰਗ ਕੀਤੀ ਹੈ। ਜ਼ਿਲ੍ਹਾ ਸਕੱਤਰ ਕਾਮਰੇਡ ਸੁੱਚਾ ਸਿੰਘ ਅਜਨਾਲਾ ਨੇ ਪੱਤਰਕਾਰਾਂ ਰਾਹੀਂ ਪੰਜਾਬ ਸਰਕਾਰ ਅਤੇ ਡੀ. ਸੀ. ਅੰਮ੍ਰਿਤਸਰ ਤੋਂ ਪੰਜੀਰੀ ਘਪਲੇ ਦੀ ਪੜਤਾਲ ਕਰਨ ਦੀ ਮੰਗ ਕਰਦਿਆਂ ਦੋਸ਼ੀ ਅਧਿਕਾਰੀਆਂ ਵਿਰੁੱਧ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਇਸ ਮੌਕੇ ਸਵਿੰਦਰ ਸਿੰਘ ਮੀਰਾਂਕੋਟ ਜ਼ਿਲ੍ਹਾ ਸਕੱਤਰੇਤ ਮੈਂਬਰ, ਪ੍ਰਤਾਪ ਸਿੰਘ ਖਾਪੜ ਖੇੜੀ, ਜੀਤ ਰਾਜ, ਕਮੇਟੀ ਮੈਂਬਰ ਹਾਜ਼ਰ ਸਨ।

# 2 ਕਿੱਲੋ 241 ਗ੍ਰਾਮ ਹੈਰੋਇਨ ਸਮੇਤ ਡਰੋਨ ਬਰਾਮਦ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਨਸ਼ਿਆਂ ਖਿਲਾਫ ਵਿਸ਼ੇਸ਼ ਮੁਹਿੰਮ ਦੌਰਾਨ ਥਾਣਾ ਕਲਾਨੌਰ ਅਧੀਨ ਪੈਂਦੇ ਪਿੰਡ ਅਗਵਾਨ ਦੇ ਝੋਨੇ ਦੇ ਖੇਤਾ ਵਿੱਚੋਂ ਇੱਕ ਕਾਲੇ ਰੰਗ ਦਾ ਡਰੋਨ ਬਰਾਮਦ ਕੀਤਾ ਗਿਆ ਜਿਸ 'ਤੇ ਪੰਜਾਬ ਪੁਲਸ ਅਤੇ ਬੀ.ਐੱਸ.ਐੱਫ ਦੇ ਕਰਮਚਾਰੀਆਂ ਵੱਲੋਂ ਵੱਖ-ਵੱਖ ਟੀਮਾਂ ਬਣਾ ਕੇ ਬਾਰਡਰ ਦੇ ਨਾਲ ਲੱਗਦੇ ਇਲਾਕੇ ਵਿੱਚ ਸਰਚ ਅਪ੍ਰੇਸ਼ਨ ਚਲਾਇਆ ਗਿਆ। ਇਸ ਮੌਕੇ ਦੌਰਾਨੇ ਸਰਚ ਅਪ੍ਰੇਸ਼ਨ ਪਿੰਡ ਅਗਵਾਨ ਦੇ ਖੇਤਾਂ ਵਿੱਚੋ 1 ਪੈਕੇਟ ਬਰਾਮਦ ਹੋਇਆ, ਜਿਸ ਨੂੰ ਚੈੱਕ ਕਰਨ ਤੇ ਪੈਕੇਟ ਵਿੱਚੋਂ 2 ਕਿੱਲੋ 241 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਜ਼ਿਲ੍ਹਾ ਪੁਲਸ ਗੁਰਦਾਸਪੁਰ ਦੇ ਮੁਖੀ ਦਾਯਮਾ ਹਰੀਸ਼ ਕੁਮਾਰ ਨੇ ਦੱਸਿਆ ਕਿ ਉਕਤ ਬਰਾਮਦਗੀ ਸਬੰਧੀ ਥਾਣਾ ਕਲਾਨੌਰ ਵਿੱਚ ਨਾ-ਮਲੂਮ ਦੋਸ਼ੀਆਂ ਦੇ ਖਿਲਾਫ ਮੁਕੱਦਮਾ ਨੰਬਰ 76, ਮਿਤੀ 25.07.2024 ਜੁਰਮ 21(ਸੀ)/23-61-85 ਐੱਨ. ਡੀ. ਪੀ. ਐੱਸ. ਐਕਟ 10, 11, 12 ਏਅਰ ਕਰਾਫਟ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਅਤੇ ਮੁਕੱਦਮੇ ਦੀ ਤਫਤੀਸ਼ ਜ਼ਾਰੀ ਹੈ। ਇਸ ਮੌਕੇ ਥਾਣਾ ਕਲਾਨੌਰ ਦੇ ਐੱਸ. ਐੱਚ. ਓ. ਮੇਜਰ ਸਿੰਘ ਅਤੇ ਹੋਰ ਪੁਲਸ ਅਧਿਕਾਰੀ ਵੀ ਹਾਜ਼ਰ ਸਨ।

# ਐਮਾ ਕਲਾਂ ਦੇ ਸਕੂਲ 'ਚ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਕੀਤਾ ਜਾਗਰੂਕ

ਝਬਾਲ (ਹਰਜਿੰਦਰ ਸਿੰਘ ਸੋਨੀ)-ਦਸਮੇਸ਼ ਪਰਿਵਾਰ ਇੰਟਰਨੈਸ਼ਨਲ ਸਕੂਲ ਐਮਾ ਕਲਾਂ ਵਿਖੇ ਸੈਮੀਨਾਰ ਲਗਾ ਕੇ ਬੱਚਿਆਂ ਨੂੰ ਸਰਕਾਰ ਵੱਲੋਂ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਦੋਪਹੀਆ ਤੇ ਚਾਰਪਹੀਆ ਵਾਹਨ ਚਲਾਉਣ 'ਤੇ ਪਾਬੰਦੀ ਸੰਬੰਧੀ ਜੋ ਕਾਨੂੰਨ ਬਣਾਇਆ ਗਿਆ, ਉਸ ਸਬੰਧੀ ਜਾਗਰੂਕ ਕੀਤਾ ਗਿਆ। ਬੱਚਿਆਂ ਨੂੰ ਦੱਸਿਆ ਗਿਆ ਕਿ ਜੇਕਰ ਕੋਈ ਵੀ ਇਸ ਕਾਨੂੰਨ ਦੀ ਉਲੰਘਣਾ ਕਰਦਾ ਹੈ ਤਾਂ ਉਸ ਨੂੰ 25000 ਰੁਪਏ ਜੁਰਮਾਨਾ ਅਤੇ ਬੱਚੇ ਦੇ ਪਿਤਾ ਨੂੰ ਤਿੰਨ ਸਾਲ ਤੱਕ ਦੀ ਕੈਦ ਹੋ ਸਕਦੀ ਹੈ। ਸਰਕਾਰ ਵੱਲੋਂ ਬਣਾਏ ਗਏ ਕਾਨੂੰਨ ਦੀ ਕਾਪੀ ਵੀ ਬੱਚਿਆਂ ਦੇ ਮਾਤਾ ਪਿਤਾ ਨੂੰ ਵਟਸਐਪ ਰਾਹੀਂ ਭੇਜ ਦਿੱਤੀ ਗਈ ਹੈ। ਬੱਚਿਆਂ ਨੂੰ ਦੱਸਿਆ ਗਿਆ ਕਿ ਇਸ ਬਾਰੇ ਘਰ ਜਾ ਕੇ ਆਪਣੇ ਮਾਪਿਆਂ ਨੂੰ ਵੀ ਜਾਣੂ ਕਰਵਾਓ। ਸਕੂਲ ਵਿੱਚ ਆਉਣ ਲਈ ਜਾਂ ਤਾਂ ਪ੍ਰਾਈਵੇਟ ਤੌਰ 'ਤੇ ਜਾਂ ਸਕੂਲ ਦੁਆਰਾ ਆ ਰਹੀਆਂ ਬੱਸਾਂ ਰਾਹੀਂ ਪ੍ਰਬੰਧ ਕੀਤਾ ਜਾਵੇ। ਕਿਸੇ ਵੀ ਬੱਚੇ ਦਾ ਦੋਪਹੀਆ ਜਾਂ ਚਾਰਪਹੀਆ ਵਾਹਨ ਸਕੂਲ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ। ਸਕੂਲ ਵਿੱਚ ਛੇਵੀਂ ਜਮਾਤ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਸਾਰੇ ਵਿਦਿਆਰਥੀਆਂ ਨੂੰ ਜਾਣੂ ਕਰਾਇਆ ਗਿਆ।ਇਸ ਮੌਕੇ ਸਕੂਲ ਚੇਅਰਮੈਨ ਜਸਵੰਤ ਸਿੰਘ, ਸਕੂਲ ਡਾਇਰੈਕਟਰ ਮੈਡਮ ਰੁਪਿੰਦਰ ਕੌਰ ਅਤੇ ਸਮੂਹ ਸਟਾਫ ਹਾਜ਼ਰ ਸੀ।




# ਅਕਾਲ ਅਕੈਡਮੀ ਤਿੱਬੜ ਨੇ ਪੌਦੇ ਲਗਾ ਕੇ ਵਣ-ਮਹਾਂਉਤਸਵ ਮਨਾਇਆ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਅਕਾਲ ਅਕੈਡਮੀ ਤਿੱਬੜ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਪ੍ਰਿੰ. ਗੁਰਵਿੰਦਰ ਕੌਰ ਦੀ ਅਗਵਾਈ ਹੇਠ ਅਕੈਡਮੀ ਦੇ ਅੰਦਰ ਅਤੇ ਆਸ ਪਾਸ ਇਲਾਕੇ ਅੰਦਰ ਵੱਖ-ਵੱਖ ਕਿਸਮਾਂ ਦੇ ਪੌਦੇ ਲਗਾ ਵਣ-ਮਹਾਂਉਤਸਵ ਮਨਾਇਆ। ਅਕਾਲ ਦੀ ਪ੍ਰਿੰ. ਗੁਰਵਿੰਦਰ ਕੌਰ ਨੇ ਦੱਸਿਆ ਕਿ ਇਸ ਦੌਰਾਨ ਸਮੂਹ ਸਟਾਫ ਅਤੇ ਵਿਦਿਆਰਥੀਆਂ ਵਲੋਂ ਪੁਲਸ ਸਟੇਸ਼ਨ ਤਿੱਬੜ ਅਤੇ ਕਮਿਊਨਿਟੀ ਹੈਲਥ ਸੈਂਟਰ ਤਿੱਬੜ ਵਿਖੇ ਪੌਦੇ ਲਗਾਉਣ ਮੌਕੇ ਪੁਲਸ ਕਰਮਚਾਰੀਆਂ ਅਤੇ ਕਮਿਊਨਿਟੀ ਹੈਲਥ ਸੈਂਟਰ ਦੇ ਮੁਲਾਜ਼ਮਾਂ ਨੇ ਸਟਾਫ ਅਤੇ ਬੱਚਿਆਂ ਨੂੰ ਪੂਰਨ ਸਹਿਯੋਗ ਦਿੱਤਾ। ਅਕੈਡਮੀ ਵਿੱਚ ਵਾਪਸ ਆਉਣ 'ਤੇ ਸਕੂਲ ਦੇ ਅੰਦਰ ਵੀ ਪੌਦੇ ਲਗਾਉਣ ਮਗਰੋਂ ਅਕੈਡਮੀ ਦੇ ਬੱਚਿਆਂ ਵੱਲੋਂ ਵਾਤਾਵਰਣ ਸਬੰਧੀ ਨਾਟਕ ਪੇਸ਼ ਕੀਤੇ ਗਏ। ਬੱਚਿਆਂ ਨੇ ਆਪਣੇ ਭਾਸ਼ਣ ਵਿੱਚ ਵਾਤਾਵਰਣ ਸਬੰਧੀ ਵਿਚਾਰ ਪ੍ਰਗਟ ਕੀਤੇ। ਵਾਤਾਵਰਣ ਸਬੰਧੀ ਅੰਤਰ ਹਾਊਸ ਪੋਸਟਰ ਮੁਕਾਬਲਾ ਵੀ ਕਰਵਾਇਆ ਗਿਆ, ਜਿਸ ਵਿੱਚ ਅਭੇ ਹਾਊਸ ਨੇ ਫਸਟ ਪੁਜ਼ੀਸ਼ਨ, ਅਤੁਲ ਹਾਊਸ ਨੇ ਸੈਕਿੰਡ ਅਤੇ ਅਮੁਲ ਹਾਊਸ ਨੇ ਤੀਸਰੀ ਪੁਜ਼ੀਸ਼ਨ ਹਾਸਲ ਕੀਤੀ। ਪ੍ਰਿੰ. ਗੁਰਵਿੰਦਰ ਕੌਰ ਨੇ ਕਿਹਾ ਕਿ ਸਾਨੂੰ ਵਾਤਾਵਰਣ ਦੀ ਸੰਭਾਲ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਫੈਲ ਰਹੇ ਪ੍ਰਦੂਸ਼ਣ ਕਾਰਨ ਹਰ ਰੋਜ਼ ਲੋਕ ਨਵੀਆਂ ਬਿਮਾਰੀਆਂ ਨਾਲ ਜੂਝ ਰਹੇ ਹਨ। ਇਨ੍ਹਾਂ ਬਿਮਾਰੀਆਂ ਤੋਂ ਬਚਾਅ ਅਤੇ ਆਕਸੀਜਨ ਦੀ ਕਮੀ ਪੂਰੀ ਕਰਨ ਲਈ ਸਾਨੂੰ ਵਧੇਰੇ ਪੌਦੇ ਲਗਾਉਣ ਦੀ ਲੋੜ ਹੈ।

# ਵਿਕਾਸ ਮੰਚ ਪੰਜਾਬ ਨੇ ਕਾਰਗਿਲ ਜੰਗ ਦੇ ਸ਼ਹੀਦਾਂ ਨੂੰ ਦਿੱਤੀ ਭਾਵ-ਭਿੰਨੀ ਸ਼ਰਧਾਂਜਲੀ



ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਸਮਾਜ ਸੇਵਾ ਨੂੰ ਸਮਰਪਿਤ ਵਿਕਾਸ ਮੰਚ ਪੰਜਾਬ (ਰਜਿ:) ਵੱਲੋਂ ਵਿਜੇ ਦਿਵਸ ਦੇ ਮੌਕੇ ਕਾਰਗਿਲ ਜੰਗ ਦੇ ਸ਼ਹੀਦਾਂ ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਮੌਕੇ ਆਪਣੇ ਸੰਬੋਧਨ ਵਿੱਚ ਮੰਚ ਦੇ ਮੀਤ ਪ੍ਰਧਾਨ ਪ੍ਰਿੰ. ਫੂਲਾ ਸਿੰਘ ਨੇ ਕਾਰਗਿਲ ਜੰਗ ਦੀ 25ਵੀਂ ਵਰ੍ਹੇਗੰਢ ਦੇ ਮੌਕੇ ਦੇਸ਼ ਦੀ ਖਾਤਰ ਜਾਨਾਂ ਕੁਰਬਾਨ ਕਰਨ ਵਾਲੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਸ਼ਹੀਦ ਕੌਮ ਦਾ ਸਰਮਾਇਆ ਹਨ।ਇਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਹੀ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ।ਉਨ੍ਹਾਂ ਨੇ ਕਿਹਾ ਕਿ ਸਰਕਾਰ ਅਤੇ ਸਮਾਜ ਨੂੰ ਸ਼ਹੀਦ ਦੇ ਪਰਿਵਾਰਾਂ ਦੀ ਸਹਾਇਤਾ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।ਇਸ ਮੌਕੇ ਵਿਕਾਸ ਮੰਚ ਪੰਜਾਬ ਦੇ ਪ੍ਰਧਾਨ ਅਤੇ ਤਰਨ ਤਾਰਨ ਦੇ ਵਿਧਾਇਕ ਨੇ ਆਪਣੇ ਸੰਦੇਸ਼ ਵਿੱਚ ਕਾਰਗਿਲ ਜੰਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸ਼ਹੀਦਾਂ ਦੇ ਸਾਰੇ ਪਰਿਵਾਰਾਂ ਦੀ ਹਰ ਸੰਭਵ ਮਦਦ ਕੀਤੀ ਜਾਂਦੀ ਹੈ ਤਾਂ ਕਿ ਉਨਾਂ ਨੂੰ ਕੋਈ ਆਰਥਿਕ ਤੰਗੀ ਦਾ ਸਾਹਮਣਾ ਨਾ ਕਰਨਾ ਪਵੇ।ਇਸ ਮੌਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸਾਬਕਾ ਫੌਜੀ, ਸਮਾਜਿਕ ਅਤੇ ਰਾਜਨੀਤਿਕ ਜਥੇਬੰਦੀਆਂ ਦੇ ਪ੍ਰਤੀਨਿਧ ਵੀ ਹਾਜ਼ਰ ਸਨ ਜਿਨ੍ਹਾਂ ਵਿੱਚ ਕੈਪਟਨ ਜਸਵੰਤ ਸਿੰਘ, ਸੂਬੇਦਾਰ ਗੁਰਮੇਜ਼ ਸਿੰਘ, ਸੂਬੇਦਾਰ ਕਾਰਜ ਸਿੰਘ, ਸੂਬੇਦਾਰ ਜਸਬੀਰ ਸਿੰਘ, ਗੁਰਬੀਰ ਸਿੰਘ, ਸਿਟੀਜਨ ਕੌਂਸਲ ਦੇ ਸਾਬਕਾ ਪ੍ਰਧਾਨ ਸੁਖਵੰਤ ਸਿੰਘ ਧਾਮੀ, ਰਾਈਸ ਮਿਲਰਜ ਐਸੋਸੀਏਸ਼ਨ ਦੇ ਪ੍ਰਧਾਨ ਅਵਤਾਰ ਸਿੰਘ ਤਨੇਜਾ, ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲ ਦੇ ਸਾਬਕਾ ਪ੍ਰਿੰ. ਜੱਗ ਸਿੰਘ, ਚੇਅਰਮੈਨ ਮਾਸਟਰ ਤਸਵੀਰ ਸਿੰਘ, ਬਲਦੇਵ ਸਿੰਘ ਕੱਲਾ, ਹਰਪ੍ਰੀਤ ਸਿੰਘ ਖਾਲਸਾ, ਸਰਬਜੀਤ ਕੌਰ ਬਾਠ, ਹੈਡਮਾਸਟਰ ਕੇਵਲ ਸਿੰਘ, ਨਰਿੰਦਰ ਸਿੰਘ, ਸੁਖਦੇਵ ਸਿੰਘ ਬੋਦਲ ਕੀੜੀ, ਅਮਰੀਕ ਸਿੰਘ, ਡਾ. ਨਿਰਮਲਜੀਤ ਸਿੰਘ, ਹਰਜਿੰਦਰ ਸਿੰਘ, ਤਰਸੇਮ ਸਿੰਘ, ਗੁਰਮੁਖ ਸਿੰਘ, ਬਲਦੇਵ ਸਿੰਘ, ਬਲਜਿੰਦਰ ਸਿੰਘ, ਨਵਦੀਪ ਸਿੰਘ ਪੰਨੂ, ਨਵਦੀਪ ਅਰੋੜਾ, ਜਸਬੀਰ ਸਿੰਘ ਲੱਡੂ ਸ਼ਾਮਿਲ ਹੋਏ।

# ਅਮਿਤ ਔਲ ਅਜਨਾਲਾ ਵਾਰਡ ਨੰਬਰ ਸੱਤ ਦੇ ਇੰਚਾਰਜ ਨਿਯੁਕਤ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)—ਜ਼ਿਲ੍ਹੇ ਦੇ ਸੀਨੀਅਰ ਮੀਤ ਪ੍ਰਧਾਨ ਅਮਿਤ ਔਲ ਨੂੰ ਵਾਰਡ ਨੰਬਰ 7 ਦਾ ਇੰਚਾਰਜ ਨਿਯੁਕਤ ਕੀਤਾ ਗਿਆ। ਇਸ ਨਿਯੁਕਤੀ 'ਤੇ ਆਮ ਆਦਮੀ ਪਾਰਟੀ ਦੇ ਵਰਕਰਾਂ, ਵਾਰਡਾਂ ਇੰਚਾਰਜਾਂ 'ਚ ਖੁਸ਼ੀ ਦਾ ਮਾਹੌਲ ਹੈ। ਅਮਿਤ ਔਲ ਨੇ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਉਨ੍ਹਾਂ ਦਾ ਸਦਾ ਰਿਣੀ ਰਹਾਂਗਾ ਅਤੇ ਮੇਰੇ ਵੱਡੇ ਭੈਣ ਐਡਵੋਕੇਟ ਅਮਨਦੀਪ ਕੌਰ ਧਾਲੀਵਾਲ ਦੀ ਯੋਗ ਅਗਵਾਈ ਹੇਠ ਅਜਨਾਲਾ ਸ਼ਹਿਰ ਦੀ ਸੇਵਾ ਲਈ ਤਤਪਰ ਰਹਾਂਗਾ। ਇਸ ਮੌਕੇ ਚਰਨਜੀਤ ਸਿੰਘ ਓਐੱਸਡੀ ਗੁਰਜੰਟ ਸਿੰਘ ਸੋਹੀ, ਜਸਪਾਲ ਸਿੰਘ ਭੱਟੀ ਪ੍ਰਧਾਨ ਨਗਰ ਪੰਚਾਇਤ ਅਜਨਾਲਾ, ਸ਼ਿਵਦੀਪ ਸਿੰਘ ਚਾਹਲ ਬਲਾਕ ਪ੍ਰਧਾਨ, ਦਵਿੰਦਰ ਸਿੰਘ ਸੋਨੂ, ਗਗਨਦੀਪ ਸਿੰਘ ਛੀਨਾ, ਜਸਪਿੰਦਰ ਸਿੰਘ ਛੀਨਾ, ਅਵਿਨਾਸ਼ ਮਸੀਹ, ਕੌਂਸਲਰ ਨੰਦ ਲਾਲ, ਹੈਪੀ ਗਿੱਲ, ਰਾਜਬੀਰ ਕੌਰ ਚਾਹਲ, ਕੌਂਸਲਰ ਬਲਜਿੰਦਰ ਸਿੰਘ, ਗੁਰਿੰਦਰ ਸਿੰਘ ਗੁੱਜਰਪੁਰਾ, ਅਜੇ ਕੁਮਾਰ, ਸੁਖਦਿਆਲ ਸਿੰਘ ਭੱਖਾ, ਸ਼ਮਸ਼ੇਰ ਸਿੰਘ ਸ਼ੇਰਾ, ਗੁਰਨਾਮ ਸਿੰਘ, ਦੀਪਕ ਭੱਟੀ, ਗੀਤਾ ਗਿੱਲ ਅਤੇ ਗੁਰਦੇਵ ਸਿੰਘ ਆਦਿ ਹਾਜ਼ਰ ਸਨ।

# ਬਾਬਾ ਬੰਦਾ ਸਿੰਘ ਬਹਾਦਰ ਦੀ ਪੁਰਾਤਨ ਗੜ੍ਹੀ ਦੀ ਉਸਾਰੀ ਸੰਬੰਧੀ ਤਿਆਰੀਆਂ ਦਾ ਲਿਆ ਜਾਇਜ਼ਾ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਲੋਂ ਗੁਰਦਾਸ ਨੰਗਲ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦੀ ਸੈਂਕੜੇ ਸਿੰਘਾਂ ਸਮੇਤ ਗ੍ਰਿਫਤਾਰੀ ਦੇ ਅਦੁੱਤੀ ਇਤਿਹਾਸ ਨੂੰ ਦਰਸਾਉਂਦੀ ਪੁਰਾਤਨ ਗੜ੍ਹੀ ਦੀ ਉਸਾਰੀ ਦੇ ਪ੍ਰਾਜੈਕਟ ਸਬੰਧੀ ਵੀਰਵਾਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ ਦੀ ਅਗਵਾਈ ਵਿੱਚ ਉੱਚ ਅਧਿਕਾਰੀਆਂ ਨੇ ਗੁਰਦਾਸ ਨੰਗਲ ਵਿਖੇ ਪੁੱਜ ਕੇ ਤਿਆਰੀਆਂ ਦਾ ਜਾਇਜ਼ਾ ਲਿਆ ਅਤੇ ਗੁਰਦੁਆਰਾ ਗੜ੍ਹੀ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੁੱਚੇ ਪ੍ਰਬੰਧਾਂ ਦਾ ਨਿਰੀਖਣ ਵੀ ਕੀਤਾ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਸਿੱਖ ਕੌਮ ਦੇ ਮਹਾਨ ਜਰਨੈਲ ਅਤੇ ਪਹਿਲੇ ਖਾਲਸਾ ਰਾਜ ਦੇ ਉਸਰੱਈਏ ਬਾਬਾ ਬੰਦਾ ਸਿੰਘ ਬਹਾਦਰ ਦੇ ਇਤਿਹਾਸਕ ਅਸਥਾਨ ਗੜ੍ਹੀ ਬਾਬਾ ਬੰਦਾ ਸਿੰਘ ਬਹਾਦਰ ਗੁਰਦਾਸ ਨੰਗਲ ਵਿਖੇ ਪੁਰਾਤਨ ਇਤਿਹਾਸ ਨੂੰ ਰੂਪਮਾਨ ਕਰਨ ਲਈ ਵਿਰਾਸਤੀ ਦਿੱਖ ਵਾਲੀ ਵਿਸ਼ਾਲ ਗੜ੍ਹੀ, ਦਰਬਾਰ ਸਾਹਿਬ ਅਤੇ ਲੰਗਰ ਹਾਲ ਦੀ ਉਸਾਰੀ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਨਿੱਜੀ ਦਿਲਚਸਪੀ ਨਾਲ ਇਕ ਵਿਆਪਕ ਪ੍ਰਾਜੈਕਟ ਉਲੀਕਿਆ ਹੈ, ਜਿਸ ਸਬੰਧੀ ਅੰਤ੍ਰਿੰਗ ਕਮੇਟੀ ਨੇ ਮਤਾ ਪਾਸ ਕਰਕੇ ਇਸ ਦੀ ਕਾਰ ਸੇਵਾ ਬਾਬਾ ਜਗਤਾਰ ਸਿੰਘ ਤਰਨ ਤਾਰਨ ਵਾਲਿਆਂ ਨੂੰ ਸੌਂਪਣ ਦਾ ਫੈਸਲਾ ਕੀਤਾ ਸੀ। ਇਸ ਮੌਕੇ ਉਨ੍ਹਾਂ ਦੇ ਨਾਲ ਸ੍ਰੀ ਅਕਾਲ ਤਖਤ ਸਾਹਿਬ ਸਕੱਤਰੇਤ ਦੇ ਮੀਡੀਆ ਸਲਾਹਕਾਰ ਤਲਵਿੰਦਰ ਸਿੰਘ ਬੁੱਟਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਸਕੱਤਰ ਮਨਜੀਤ ਸਿੰਘ ਤਲਵੰਡੀ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਵਧੀਕ ਮੈਨੇਜਰ ਜਾਇਦਾਦਾਂ ਸਤਨਾਮ ਸਿੰਘ ਰਿਆੜ, ਵਧੀਕ ਮੈਨੇਜਰ ਸਤਿੰਦਰ ਸਿੰਘ ਬਾਜਵਾ, ਸਾਬਕਾ ਸਕੱਤਰ ਸੁਖਦੇਵ ਸਿੰਘ ਭੂਰਾਕੋਹਨਾ, ਗੜ੍ਹੀ ਬਾਬਾ ਬੰਦਾ ਸਿੰਘ ਬਹਾਦਰ ਦੇ ਇੰਚਾਰਜ ਰਛਪਾਲ ਸਿੰਘ, ਭਾਈ ਹਰਮੀਤ ਸਿੰਘ ਖੁੰਡੀ ਵੀ ਹਾਜ਼ਰ ਸਨ।

# ਆਜ਼ਾਦੀ ਦਿਹਾੜੇ ਨੂੰ ਲੈ ਕੇ ਤਹਿਸੀਲਦਾਰ ਵੱਲੋਂ ਅਧਿਕਾਰੀਆਂ ਨਾਲ ਮੀਟਿੰਗ

## ਸੱਭਿਆਚਾਰਕ ਪ੍ਰੋਗਰਾਮ ਦੀ ਰਿਹਰਸਲ 7 ਤੇ 12 ਅਗਸਤ ਨੂੰ



ਬਟਾਲਾ (ਡਾ. ਮਲਵਿੰਦਰ ਸਿੰਘ)-ਸਰਕਾਰੀ ਪੋਲੀਟੈਕਨਿਕ ਕਾਲਜ ਬਟਾਲਾ ਦੇ ਰਾਜੀਵ ਗਾਂਧੀ ਖੇਡ ਸਟੇਡੀਅਮ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 15 ਅਗਸਤ ਨੂੰ ਆਜ਼ਾਦੀ ਦਿਵਸ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ।ਆਜ਼ਾਦੀ ਦਿਵਸ ਮਨਾਉਣ ਸਬੰਧੀ ਜਗਤਾਰ ਸਿੰਘ ਤਹਿਸੀਲਦਾਰ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਸਥਾਨਕ ਬਟਾਲਾ ਕਲੱਬ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਆਜ਼ਾਦੀ ਦਿਵਸ ਸਾਡਾ ਕੌਮੀ ਤਿਉਹਾਰ ਹੈ ਅਤੇ ਇਸ ਨੂੰ ਪੂਰੇ ਚਾਵਾਂ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਆਜ਼ਾਦੀ ਦਿਵਸ ਸਮਾਗਮ ਦੌਰਾਨ ਕੌਮੀ ਝੰਡਾ ਲਹਿਰਾਉਣ ਤੋਂ ਬਾਅਦ ਪੁਲਸ ਜਵਾਨਾਂ, ਪੰਜਾਬ ਹੋਮਗਾਰਡ ਅਤੇ ਐੱਨ. ਐੱਨ. ਸੀ. ਕੈਡੇਟਾਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਜਾਵੇਗਾ।ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਬੈਂਡ ਦੇ ਮਾਰਚ ਪਾਸਟ 'ਚ ਹਿੱਸਾ ਲਿਆ ਜਾਵੇਗਾ।ਆਜ਼ਾਦੀ ਦਿਵਸ ਸਮਾਗਮ ਦੌਰਾਨ ਸਕੂਲੀ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਅਤੇ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦਾ ਪ੍ਰੋਗਰਾਮ ਵੀ ਪੇਸ਼ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਮਾਰਚ ਪਾਸਟ (ਬੈਂਡ/ਐੱਨ. ਸੀ. ਸੀ. ਕੈਡੇਟ) ਵਿੱਚ ਭਾਗ ਲੈਣ ਵਾਲੀਆਂ ਸਾਰੀਆਂ ਟੀਮਾਂ ਦੀ ਰਿਹਰਸਲ 5 ਅਤੇ 9 ਅਗਸਤ ਨੂੰ ਪੁਲਸ ਲਾਈਨ ਬਟਾਲਾ ਵਿਖੇ ਸਵੇਰੇ 9 ਵਜੇ ਤੋਂ ਹੋਵੇਗੀ, ਜਦਕਿ ਫੁੱਲ ਡਰੈੱਸ ਰਿਹਰਸਲ 13 ਅਗਸਤ ਨੂੰ ਸਮਾਗਮ ਵਾਲੀ ਥਾਂ ਰਾਜੀਵ ਗਾਂਧੀ ਸਟੇਡੀਅਮ ਵਿਖੇ ਹੋਵੇਗੀ।ਸੱਭਿਆਚਾਰਕ ਪ੍ਰੋਗਰਾਮ ਦੀ ਰਿਹਰਸਲ 7 ਅਤੇ 12 ਅਗਸਤ ਨੂੰ ਸ਼ਿਵ ਕੁਮਾਰ ਬਟਾਲਵੀ ਸੱਭਿਆਚਾਰਕ ਕੇਂਦਰ, ਆਡੋਟੋਰੀਅਮ, ਜਲੰਧਰ ਰੋਡ ਬਟਾਲਾ ਵਿਖੇ ਸਵੇਰੇ 9 ਵਜੇ ਤੋਂ ਹੋਵੇਗੀ।ਮੀਟਿੰਗ ਵਿੱਚ ਸੁਪਰਡੈਂਟ ਸੁੰਦਰ ਸ਼ਰਮਾ, ਸ਼ਸ਼ੀ ਭੂਸ਼ਨ ਵਰਮਾ ਐੱਮ. ਡੀ, ਐੱਫ. ਸੀ. ਵਰਮਾ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਭੰਡਾਰੀ ਗੇਟ ਬਟਾਲਾ, ਦਿਲਬਾਗ ਸਿੰਘ ਸੈਨੇਟਰੀ ਇੰਸਪੈਕਟਰ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਸਕੂਲਾਂ ਦੇ ਨੁਮਾਇੰਦੇ ਹਾਜ਼ਰ ਸਨ।

# ਦੋ ਸਲੂਨਾਂ ਤੇ ਡੇਅਰੀ ਦੇ ਤਾਲੇ ਤੋੜ ਕੇ ਬੈਟਰਾ ਤੇ ਹਜ਼ਾਰਾਂ ਰੁਪਏ ਚੋਰੀ

ਗੁਰਦਾਸਪੁਰ (ਜਨਕ ਮਹਾਜਨ)-ਗੁਰਦਾਸਪੁਰ-ਪੰਡੋਰੀ ਮੁੱਖ ਸੜਕ 'ਤੇ ਪੈਂਦੇ ਅੱਡਾ ਗੋਹਤ ਪੋਕਰ ਨੇੜੇ ਪੰਜਾਬ ਐਂਡ ਸਿੰਧ ਬੈਂਕ ਦੇ ਨਾਲ ਲੱਗਦੀਆਂ ਦੁਕਾਨਾਂ 'ਤੇ ਰਾਤ ਚੋਰ ਸ਼ਟਰਾਂ ਦੇ ਤਾਲੇ ਤੋੜ ਕੇ ਇਕ ਇਨਵਰਟਰ ਬੈਟਰਾ ਤੇ ਹਜ਼ਾਰਾਂ ਰੁਪਏ ਦੀ ਨਕਦੀ ਲੈ ਕੇ ਫ਼ਰਾਰ ਹੋ ਗਏ। ਪੀੜਤ ਸਲੂਨ ਮਾਲਕ ਅਸ਼ੋਕ ਕੁਮਾਰ ਪੁੱਤਰ ਤਰਸੇਮ ਲਾਲ ਵਾਸੀ ਭੰਗਵਾ, ਬਲਵਿੰਦਰ ਸਿੰਘ ਪੁੱਤਰ ਜਰਨੈਲ ਸਿੰਘ ਡੇਅਰੀ ਮਾਲਕ ਵਾਸੀ ਗੋਹਤ ਪੋਕਰ ਨੇ ਦੱਸਿਆ ਕਿ ਉਹ ਰਾਤ ਦੁਕਾਨਾਂ ਬੰਦ ਕਰ ਗਏ ਸਨ ਅਤੇ ਜਦੋਂ ਸਵੇਰੇ ਦੁਕਾਨ 'ਤੇ ਆਏ ਤਾਂ ਸ਼ਟਰਾਂ ਦੇ ਤਾਲੇ ਟੁੱਟੇ ਪਏ ਸਨ ਅਤੇ ਹੋਰ ਵੀ ਸਾਮਾਨ ਗਾਇਬ ਸੀ। ਅਸ਼ੋਕ ਕੁਮਾਰ ਸਲੂਨ ਮਾਲਕ ਨੇ ਦੱਸਿਆ ਕਿ ਮੇਰਾ ਬੈਟਰਾ ਤੇ ਹੋਰ ਮਸ਼ੀਨਾਂ, ਪੈਸੇ ਅਤੇ ਡੇਅਰੀ ਮਾਵਕ ਬਲਵਿੰਦਰ ਸਿੰਘ ਨੇ ਚਾਰ ਹਜ਼ਾਰ ਰੁਪਏ ਗਾਇਬ ਹੋਏ ਦੱਸੇ ਹਨ। ਉਨ੍ਹਾਂ ਦੱਸਿਆ ਕਿ ਇਹ ਗਿਰੋਹ ਸਿਰਫ਼ ਇਨਵਰਟਰਾਂ ਦੇ ਬੈਟਰੇ ਤੇ ਪੈਸੇ ਹੀ ਚੋਰੀ ਕਰਦਾ ਹੈ ਅਤੇ ਇਲਾਕੇ ਅੰਦਰ ਪਿਛਲੇ ਕਾਫ਼ੀ ਮਹੀਨਿਆਂ ਤੋਂ ਇਹ ਗਿਰੋਹ ਕਾਫ਼ੀ ਸਰਗਰਮ ਹੈ ਪਰ ਪੁਲਸ ਤਿੱਬੜ ਨੂੰ ਕਈ ਵਾਰ ਸ਼ਿਕਾਇਤਾਂ ਕੀਤੀਆਂ ਗਈਆਂ ਹਨ ਪਰ ਚੋਰ ਗਿਰੋਹ ਨੂੰ ਕਾਬੂ ਨਹੀਂ ਕਰ ਸਕੀ। ਉਨ੍ਹਾਂ ਨੇ ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਬੈਟਰਾ ਚੋਰ ਗਿਰੋਹ ਨੂੰ ਤੁਰੰਤ ਫੜ ਕੇ ਦੁਕਾਨਦਾਰਾਂ ਨੂੰ ਇਨਸਾਫ਼ ਦਿੱਤਾ ਜਾਵੇ।

# ਬੈਂਕ ਆਫ ਇੰਡੀਆ ਨੇ ਕੈਂਪ ਲਗਾ ਕੇ ਕਾਰ ਲੋਨ ਲੈਣ ਬਾਰੇ ਦਿੱਤੀ ਜਾਣਕਾਰੀ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)- ਇਥੋਂ ਨੇੜਲੇ ਕਸਬਾ ਗੱਗੋ ਮਾਹਲ ਵਿੱਚ ਬੈਂਕ ਆਫ ਇੰਡੀਆ ਦੀ ਬਰਾਂਚ ਗੱਗੋ ਮਾਹਲ ਵੱਲੋਂ ਬੈਂਕ ਨਾਲ ਸਬੰਧਤ ਨਵੀਆਂ ਸਕੀਮਾਂ ਅਤੇ ਸਸਤੇ ਵਿਆਜ ਦਰ 'ਤੇ ਦਿੱਤੇ ਜਾ ਰਹੇ ਕਰਜ਼ਿਆਂ ਸਬੰਧੀ ਜਾਣਕਾਰੀ ਦੇਣ ਲਈ ਗਾਹਕ ਜਾਗਰੂਕਤਾ ਕੈਂਪ ਲਗਾਇਆ ਗਿਆ ਜਿਸ ਵਿੱਚ ਕਾਫੀ ਲੋਕਾਂ ਨੇ ਹਿੱਸਾ ਲਿਆ। ਇਸ ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਬਰਾਂਚ ਮੈਨੇਜਰ ਸੁਨੀਲ ਕੁਮਾਰ ਨੇ ਦੱਸਿਆ ਕਿ ਬੈਂਕ ਵੱਲੋਂ ਮੱਧ ਵਰਗੀ ਪਰਵਾਰਾਂ ਸਮੇਤ ਹਰੇਕ ਵਰਗਾਂ ਦੀ ਭਲਾਈ ਲਈ ਕਈ ਨਵੀਆਂ ਸਕੀਮਾਂ ਦਿੱਤੀਆਂ ਜਾ ਰਹੀਆਂ ਹਨ ਜਿਨ੍ਹਾਂ ਨੂੰ ਅਪਨਾ ਕੇ ਲੋਕ ਭਾਰੀ ਫਾਇਦਾ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਬੈਂਕ ਵੱਲੋਂ ਸਸਤੀਆਂ ਵਿਆਜ ਦਰਾਂ 'ਤੇ ਕਾਰਾਂ ਖਰੀਦਣ ਲਈ ਕਰਜ਼ੇ ਦੇਣ ਦੇ ਨਾਲ ਨਾਲ ਕਿਸਾਨੀ ਸਹੂਲਤ ਲਈ ਖੇਤੀਬਾੜੀ ਕਰਜ਼ਾ, ਪਰਸਨਲ ਲੋਨ ਅਤੇ ਗੋਲਡ ਲੋਨ ਵਰਗੀਆਂ ਸਹੂਲਤਾਂ ਸਸਤੇ ਵਿਆਜ ਦਰ 'ਤੇ ਦਿੱਤੀਆਂ ਜਾ ਰਹੀਆਂ ਹਨ। ਮੈਨੇਜਰ ਸੁਨੀਲ ਕੁਮਾਰ ਨੇ ਹਾਜ਼ਰ ਲੋਕਾਂ ਨੂੰ ਜਾਗਰੂਕ ਕਰਦਿਆਂ ਅਪੀਲ ਕੀਤੀ ਕਿ ਬੈਂਕ ਵੱਲੋਂ ਚਲਾਈਆਂ ਜਾ ਰਹੀਆਂ ਸਸਤੀਆਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ ਤਾਂ ਜੋ ਮਹਿੰਗੇ ਕਰਜ਼ਿਆਂ ਤੋਂ ਲੋਕਾਂ ਨੂੰ ਰਾਹਤ ਮਿਲ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੇਮ ਕੁਮਾਰ, ਪਿਊਸ਼, ਸੁਖਪ੍ਰੀਤ ਸਿੰਘ, ਸੁਨੀਲ ਗੁਰਜਰ, ਰਤੀਸ਼ ਕੁਮਾਰ, ਸੁੱਚਾ ਸਿੰਘ, ਸ਼ਾਮ ਸਿੰਘ, ਗੁਰਦੀਪ ਸਿੰਘ ਅਤੇ ਸਾਹਿਬ ਸਿੰਘ ਹਾਜ਼ਰ ਸਨ।

# 2 ਕਿੱਲੋ ਚੂਰਾ ਪੋਸਤ ਤੇ 2065 ਰੁਪਏ ਡਰੱਗ ਮਨੀ ਸਮੇਤ ਢਾਬਾ ਮਾਲਕ ਕਾਬੂ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਥਾਣਾ ਧਾਰੀਵਾਲ ਦੀ ਪੁਲਸ ਨੇ ਇਕ ਢਾਬਾ ਚਲਾਉਣ ਵਾਲੇ ਨੂੰ 2 ਕਿੱਲੋ ਭੁੱਕੀ ਚੂਰਾ ਪੋਸਤ ਅਤੇ 2065 ਰੁਪਏ ਡਰੱਗ ਮਨੀ ਸਮੇਤ ਗ੍ਰਿਫਤਾਰ ਕਰਕੇ ਉਸ ਵਿਰੁੱਧ ਕੇਸ ਦਰਜ ਕੀਤਾ ਹੈ। ਇਸ ਸਬੰਧੀ ਥਾਣਾ ਧਾਰੀਵਾਲ ਦੇ ਐੱਸਐੱਚਓ ਇੰਸਪੈਕਟਰ ਬਲਜੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਥਾਣਾ ਧਾਰੀਵਾਲ ਦੇ ਸਬ ਇੰਸਪੈਕਟਰ ਅਤੇ ਏਐੱਸਆਈ ਗੁਰਦੇਵ ਸਿੰਘ ਨਾਰਕੋਟਿਕ ਸੈੱਲ ਗੁਰਦਾਸਪੁਰ ਨੇ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਮੁੱਖਬਰ ਖਾਸ ਦੀ ਇਤਲਾਹ ਤੇ ਜੀ. ਟੀ. ਰੋਡ ਧਾਰੀਵਾਲ ਉਪਰ ਨੇੜੇ ਸੂਆ ਗੁਰਦਾਸਨੰਗਲ ਵਿਖੇ ਕੋਮਲ ਢਾਬੇ 'ਤੇ ਰੇਡ ਕਰਕੇ ਢਾਬੇ ਚਲਾਉਣ ਵਾਲੇ ਧਰਮਿੰਦਰ ਕੁਮਾਰ ਪੁੱਤਰ ਓਮ ਪ੍ਰਕਾਸ਼ ਵਾਸੀ ਰਣੀਆਂ (ਧਾਰੀਵਾਲ) ਦੀ ਅਤੇ ਢਾਬੇ ਦੀ ਤਲਾਸ਼ੀ ਲਈ ਤਾਂ ਢਾਬੇ ਤੋਂ 2 ਕਿਲੋ ਭੁੱਕੀ ਚੂਰਾ ਪੋਸਤ ਅਤੇ ਧਰਮਿੰਦਰ ਕੁਮਾਰ ਕੋਲੋਂ 2065 ਰੁਪਏ ਡਰੱਗ ਮਨੀ ਵੀ ਬਰਾਮਦ ਹੋਈ। ਪੁਲਸ ਨੇ ਧਰਮਿੰਦਰ ਕੁਮਾਰ ਨੂੰ 2 ਕਿਲੋ ਭੁੱਕੀ ਚੂਰਾ ਪੋਸਤ ਅਤੇ 2065 ਰੁਪਏ ਡਰੱਗ ਮਨੀ ਸਮੇਤ ਗ੍ਰਿਫਤਾਰ ਕਰਕੇ ਥਾਣਾ ਧਾਰੀਵਾਲ ਵਿਖੇ ਉਸ ਖਿਲਾਫ ਐੱਨਡੀਪੀਐੱਸ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਹੈ।

